Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 21* Issue 125 | Monday, June 27, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਯੂਕਰੇਨੀਅਨ ਅਨਾਜ ਨੂੰ ਬਰਬਾਦ ਹੋਣ ਤੋਂ ਬਚਾਉਣ ਲਈ ਕੈਨੇਡਾ ਨੇ 50 ਮਿਲੀਅਨ ਡਾਲਰ ਦੇਣ ਦਾ ਕੀਤਾ ਵਾਅਦਾ



ਸ਼ਲੌਸ ਐਲਮਾਓ, ਜਰਮਨੀ, 26 ਜੂਨ (ਪੋਸਟ ਬਿਊਰੋ) : ਯੂਕਰੇਨੀਅਨ ਅਨਾਜ ਨੂੰ ਬਰਬਾਦ ਹੋਣ ਤੋਂ ਬਚਾਉਣ ਲਈ ਕੈਨੇਡਾ ਨੇ 50 ਮਿਲੀਅਨ ਡਾਲਰ ਦੇਣ ਦਾ ਵਾਅਦਾ ਕੀਤਾ। ਇਸ ਦੇ ਨਾਲ ਹੀ ਐਤਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਗਏ ਹਮਲੇ ਕਾਰਨ ਪੈਣ ਵਾਲੇ ਸੋਕੇ ਨੂੰ ਰੋਕਣ ਲਈ ਜੀ-7 ਮੁਲਕਾਂ ਨਾਲ ਰਲ ਕੇ ਅਗਲੇ ਕਦਮ ਚੁੱਕਣ ਦਾ ਤਹੱਈਆ ਪ੍ਰਗਟਾਇਆ।

ਦੁਨੀਆ ਦੇ ਸੱਭ ਤੋਂ ਵਿਕਸਤ ਅਰਥਚਾਰਿਆਂ ਦੇ ਆਗੂਆਂ ਵੱਲੋਂ ਮੁਲਾਕਾਤ ਦੇ ਪਹਿਲੇ ਦਿਨ ਹੀ ਰੂਸ ਦੀ ਧੱਕੇਸ਼ਾਹੀ ਉੱਤੇ ਚਰਚਾ ਕੀਤੀ ਗਈ। ਜੀ-7 ਮੁਲਕਾਂ ਦੇ ਇਹ ਆਗੂ ਜਰਮਨੀ ਵਿੱਚ ਤਿੰਨ ਦਿਨਾਂ ਲਈ ਇੱਕਠੇ ਹੋਏ ਹਨ। ਕਾਮਨਵੈਲਥ ਸਰਕਾਰਾਂ ਦੇ ਆਗੂਆਂ ਵੱਲੋਂ ਵੈਸੇ ਇਹ ਸਿਖਰ ਵਾਰਤਾ ਚਾਰ ਦਿਨਾਂ ਲਈ ਕੀਤੀ ਜਾ ਰਹੀ ਹੈ। ਸ਼ਨਿੱਚਰਵਾਰ ਨੂੰ ਇਹ ਸਾਰੇ ਆਗੂ ਕਿਗਾਲੀ, ਰਵਾਂਡਾ ਵਿੱਚ ਮੀਟਿੰਗ ਕਰਕੇ ਆਏ। ਇਨ੍ਹਾਂ ਮੀਟਿੰਗਾਂ ਵਿੱਚ ਹਾਲ ਦੀ ਘੜੀ ਰੂਸ ਵੱਲੋਂ ਯੂਕਰੇਨ ਉੱਤੇ ਕੀਤਾ ਗਿਆ ਹਮਲਾ ਹੀ ਚਰਚਾ ਦਾ ਮੁੱਖ ਵਿਸ਼ਾ ਬਣਿਆ ਹੋਇਆ ਹੈ। ਇਸ ਤੋਂ ਇਲਾਵਾ ਬੁੱਧਵਾਰ ਤੋਂ ਮੈਡਰਿਡ, ਸਪੇਨ ਵਿੱਚ ਹੋਣ ਵਾਲੀ ਨਾਟੋ ਸਿਖਰ ਵਾਰਤਾ ਦੇ ਏਜੰਡੇ ਵਿੱਚ ਵੀ ਇਹੋ ਵਿਸ਼ਾ ਹਾਵੀ ਰਹਿਣ ਦੀ ਸੰਭਾਵਨਾ ਹੈ।

ਗਲੋਬਲ ਪੱਧਰ ਉੱਤੇ ਅਨਾਜ ਦੀ ਘਾਟ ਕਾਰਨ ਇਸ ਸਮੇਂ ਅਫਰੀਕਾ ਦੇ ਕਈ ਹਿੱਸੇ ਸੋਕੇ ਦੀ ਕਗਾਰ ਉੱਤੇ ਪਹੁੰਚ ਚੁੱਕੇ ਹਨ। ਟਰੂਡੋ ਦੇ ਜੀ-7 ਦੇ ਹੋਰਨਾਂ ਆਗੂਆਂ ਵੱਲੋਂ ਯੂਕਰੇਨ ਦੇ ਅਨਾਜ ਭੰਡਾਰਾਂ ਨੂੰ ਨਿਸ਼ਾਨਾ ਬਣਾਉਣ ਅਤੇ ਦੇਸ਼ ਦੀਆਂ ਵੱਡੀਆਂ ਬੰਦਰਗਾਹਾਂ ਉੱਤੇ ਐਕਸਪੋਰਟ ਨੂੰ ਰਕਣ ਲਈ ਰੂਸ ਨੂੰ ਜ਼ਿੰਮੇਵਾਰ ਦੱਸਿਆ ਜਾ ਰਿਹਾ ਹੈ।

ਇਸ ਵਾਰਤਾ ਦੇ ਪਹਿਲੇ ਸੈਸ਼ਨ ਵਿੱਚ ਵਿਸ਼ਵ ਆਗੂਆਂ ਵੱਲੋਂ ਗਲੋਬਲ ਅਰਥਚਾਰੇ ਬਾਰੇ ਚਰਚਾ ਕੀਤੀ ਗਈ। ਆਗੂਆਂ ਨੇ ਆਖਿਆ ਕਿ ਮਹਾਂਮਾਰੀ ਤੋਂ ਬਾਅਦ ਰੂਸ ਤੇ ਯੂਕਰੇਨ ਦਰਮਿਆਨ ਚੱਲ ਰਹੇ ਸੰਘਰਸ਼ ਕਾਰਨ ਦੁਨੀਆ ਭਰ ਵਿੱਚ ਵਸਤਾਂ ਦੀਆਂ ਕੀਮਤਾਂ ਆਸਮਾਨ ਛੋਹ ਰਹੀਆਂ ਹਨ ਤੇ ਆਮ ਚੀਜ਼ਾਂ ਤੱਕ ਹੀ ਲੋਕਾਂ ਦੀ ਪਹੁੰਚ ਮੁਸ਼ਕਲ ਹੋ ਗਈ ਹੈ। ਇਸੇ ਦਿਨ ਕੀਤੇ ਗਏ ਐਲਾਨ ਤਹਿਤ ਕੈਨੇਡਾ ਨੇ ਵਾਅਦਾ ਕੀਤਾ ਕਿ ਉਹ ਅਨਾਜ ਨੂੰ ਸਹੇਜ ਕੇ ਰੱਖਣ ਲਈ ਇਕਿਉਪਮੈਂਟ ਯੂਕਰੇਨ ਭੇਜੇਗਾ ਤਾਂ ਕਿ ਉਹ ਆਪਣੇ ਇਸ ਸਾਲ ਦੇ ਅਨਾਜ ਨੂੰ ਸਹੇਜ ਸਕਣ ਤੇ ਮਾਰਕਿਟ ਤੱਕ ਲਿਜਾ ਸਕਣ।

ਇੱਕ ਇੰਟਰਵਿਊ ਵਿੱਚ ਕੈਨੇਡਾ ਤੋਂ ਖੇਤੀਬਾੜੀ ਮੰਤਰੀ ਮੈਰੀ ਕਲਾਡੇ ਬਿਬਿਊ ਨੇ ਆਖਿਆ ਕਿ ਉਹ ਅਨਾਜ ਜਮ੍ਹਾਂ ਕਰਨ ਵਾਲੇ ਮੋਬਾਈਲ ਕੰਟੇਨਰ ਯੂਕਰੇਨ ਭੇਜਣਗੇ।

## ਕਾਰਜੈਕਿੰਗ ਦੇ ਮਾਮਲੇ ਵਿੱਚ ਇੱਕ ਮਹਿਲਾ ਗ੍ਰਿਫਤਾਰ



ਟੋਰਾਂਟੋ, 26 ਜੂਨ (ਪੋਸਟ ਬਿਊਰੋ) : ਟੋਰਾਂਟੋ ਦੇ ਪੱਛਮੀ ਸਿਰੇ ਉੱਤੇ ਕਾਰਜੈਕਿੰਗ ਦੇ ਮਾਮਲੇ ਵਿੱਚ ਇੱਕ 34 ਸਾਲਾ ਮਹਿਲਾ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਇਹ ਕਾਰਜੈਕਿੰਗ ਸੋਮਵਾਰ, 20 ਜੂਨ ਨੂੰ ਵੈਸਟਨ ਰੋਡ ਤੇ ਲਾਅਰੈਂਸ ਐਵਨਿਊ ਵੈਸਟ ਉੱਤੇ ਕੀਤੀ ਗਈ। ਟੋਰਾਂਟੋ ਪੁਲਿਸ ਅਨੁਸਾਰ ਇੱਕ ਪੁਰਸ਼ ਤੇ ਮਹਿਲਾ ਪਾਰਕਿੰਗ ਲੌਟ ਵਿੱਚ ਪਾਰਕ ਕੀਤੀ ਗਈ ਗੱਡੀ ਵਿੱਚ ਸਨ। ਫਿਰ ਮਹਿਲਾ ਨੇ ਹਥਿਆਰ ਨਾਲ ਪੁਰਸ਼ ਉੱਤੇ ਹਮਲਾ ਕਰਨਾ ਸ਼ੁਰੂ ਕਰ ਦਿੱਤਾ ਤੇ ਉਸ ਨਾਲ ਹੱਥੋਪਾਈ ਵੀ ਕੀਤੀ। ਫਿਰ ਉਸ ਵਿਅਕਤੀ ਨੂੰ ਕਾਰ ਤੋਂ ਬਾਹਰ ਨਿਕਲਣ ਲਈ ਮਜਬੂਰ ਕਰ ਦਿੱਤਾ। ਪੁਲਿਸ ਨੇ ਦੱਸਿਆ ਕਿ ਉਹ ਮਹਿਲਾ ਜਦੋਂ ਕਾਰ ਲੈ ਕੇ ਜਾਂਣ ਲੱਗੀ ਤਾਂ ਉਸ ਵਿਅਕਤੀ ਨੇ ਕਾਰ ਦੇ ਸਾਹਮਣੇ ਵਾਲੇ ਹਿੱਸੇ ਉੱਤੇ ਛਾਲ ਮਾਰ ਕੇ ਉਸ ਨੂੰ ਰੋਕਣ ਦੀ ਕੋਸ਼ਿਸ਼ ਵੀ ਕੀਤੀ ਪਰ ਉਹ ਜ਼ਮੀਨ ਉੱਤੇ ਜਾ ਡਿੱਗਿਆ।

ਹੋਲਡ ਅੱਪ ਸਕੁਐਡ ਦੇ ਮੈਂਬਰਾਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਉਹ ਮਹਿਲਾ ਦੀ ਪਛਾਣ ਕਰਨ ਵਿੱਚ ਸਫਲ ਵੀ ਹੋ ਗਏ ਹਨ। ਬੁੱਧਵਾਰ ਨੂੰ ਟੋਰਾਂਟੋ ਦੀ 34 ਸਾਲਾ ਸੀਗਲ ਸੁਲੇਮਾਨ ਨਾਂ ਦੀ ਮਹਿਲਾ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਉਸ ਉੱਤੇ ਰੌਬਰੀ ਤੇ ਹਥਿਆਰ ਨਾਲ ਹਮਲਾ ਕਰਨ ਦਾ ਚਾਰਜ ਲਾਇਆ ਗਿਆ ਹੈ।

# ਇੱਕ ਮਾਨ ਨੇ ਸੰਗਰੂਰ ਲੋਕ ਸਭਾ ਸੀਟ ਛੱਡੀ, ਦੂਸਰੇ ਮਾਨ ਨੇ ਜਿੱਤੀ

*** ਸਿਮਰਨਜੀਤ ਸਿੰਘ ਮਾਨ 5822 ਵੋਟਾਂ ਦੇ ਫਰਕ ਨਾਲ ਜਿੱਤੇ * ਆਮ ਆਦਮੀ ਪਾਰਟੀ ਲਈ ਜ਼ੋਰਦਾਰ ਝਟਕਾ * ਕਾਂਗਰਸ ਪਾਰਟੀ ਬਹੁਤ ਪਛੜ ਕੇ ਤੀਸਰੇ ਥਾਂ ਰਹੀ * ਭਾਜਪਾ ਅਤੇ ਬਾਦਲ ਦਲ ਦੀਆਂ ਜ਼ਮਾਨਤਾਂ ਜ਼ਬਤ**





ਸੰਗਰੂਰ, 26 ਜੂਨ, (ਪੋਸਟ ਬਿਊਰੋ)-ਪਾਰਲੀਮੈਂਟ ਸੀਟ ਸੰਗਰੂਰ ਦੀ ਉੱਪ ਚੋਣ ਵਿੱਚਲੋਕਾਂ ਨੇ ਸਿਮਰਨਜੀਤ ਸਿੰਘ ਮਾਨ ਨੂੰ 5822 ਵੋਟਾਂ ਦੇ ਫਰਕ ਨਾਲ ਆਪਣਾ ਆਗੂ ਚੁਣ ਲਿਆ ਹੈ। ਸਿਮਰਨਜੀਤ ਸਿੰਘ ਮਾਨ ਨੇ ਨੇੜਲੇ ਵਿਰੋਧੀ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੇਲ ਸਿੰਘ ਘਰਾਚੋਂ ਨੂੰ ਹਰਾਇਆਹੈ।

ਅੰਤਮ ਨਤੀਜੇ ਅਨੁਸਾਰ ਸੀਟ ਜਿੱਤਣ ਵਾਲੇ ਸਿਮਰਨਜੀਤ ਸਿੰਘ ਮਾਨ ਨੂੰ 2,53,154 ਵੋਟਾਂ ਮਿਲੀਆਂ, ਜਦ ਕਿ ਦੂਸਰੇ ਨੰਬਰ ਉੱਤੇਆਏ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੇਲ ਸਿੰਘ ਘਰਾਚੋਂ ਨੂੰ 2,47,332 ਵੋਟਾਂ, ਤੀਸਰੇ ਨੰਬਰ ਉੱਤੇ ਕਾਂਗਰਸਪਾਰਟੀ ਦੇ ਦਲਵੀਰ ਸਿੰਘ ਗੋਲਡੀ ਨੂੰ 79,668, ਚੌਥੇ ਨੰਬਰ ਉੱਤੇ ਭਾਜਪਾ ਉਮੀਦਵਾਰ ਕੇਵਲ ਸਿੰਘਢਿੱਲੋਂ ਨੂੰ 66,298 ਤੇ ਪੰਜਵੇਂ ਥਾਂਬਾਦਲ ਅਕਾਲੀ ਦਲ ਦੇ ਬੀਬੀ ਕਮਲਦੀਪ ਕੌਰ ਰਾਜੋਆਣਾ ਨੂੰ 44,428 ਵੋਟਾਂ ਹੀਮਿਲ ਸਕੀਆਂ ਹਨ। ਸਿਮਰਨਜੀਤ ਸਿੰਘ ਮਾਨ ਤੇ ਗੁਰਮੇਲ ਸਿੰਘ ਘਰਾਚੋਂ ਤੋਂ ਬਿਨਾਂ ਦੂਸਰੇ ਸਾਰੇਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। ਉੱਪ ਚੋਣ ਦਾ ਇਹ ਨਤੀਜਾਪੰਜਾਬ ਦੇ ਮੁੱਖ ਮੰਤਰੀ ਲਈ ਭਗਵੰਤ ਮਾਨ ਲਈ ਨਿੱਜੀ ਤੌਰ ਉੱਤੇ ਨਮੋਸ਼ੀ ਵਾਲਾ ਹੈ, ਕਿਉਂਕਿ ਸੰਗਰੂਰ ਉਨ੍ਹਾਂ ਦਾ ਜੱਦੀ ਹਲਕਾ ਹੈ ਅਤੇ ਸੀਟ ਵੀ ਉਨ੍ਹਾਂ ਨੇ ਹੀ ਖਾਲੀ ਕੀਤੀ ਸੀ।

ਸੰਗਰੂਰ ਉੱਪ ਚੋਣ ਜਿੱਤਣ ਪਿੱਛੋਂ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਪਾਰਲੀਮੈਂਟ ਵਿੱਚ ਪੰਜਾਬੀਆਂ ਦੀ ਆਵਾਜ਼ ਬਣ ਕੇ ਗੂੰਜਣ ਦਾ ਵਾਅਦਾ ਕੀਤਾ ਤੇ ਕਿਹਾ ਕਿ ਸਿੱਖ ਕੌਮ ਦੇ ਨਾਲ ਹਰ ਵਰਗ ਦੇ ਲੋਕਾਂ ਨੇ ਉਨ੍ਹਾਂ ਨੂੰ ਦਿਲ ਖੋਲ੍ਹ ਕੇ ਵੋਟਾਂ ਪਾ ਕੇ ਜਿਤਾਇਆ ਹੈ, ਇਸ ਲਈ ਉਹ ਹਰ ਵਰਗ ਦੀਆਂ ਮੁਸ਼ਕਲਾਂ ਦੇ ਹੱਲ ਤੇ ਜ਼ਿਲਾ ਸੰਗਰੂਰ ਦੀ ਤਰੱਕੀ ਲਈ ਪੂਰੀ ਵਾਹ ਲਾਉਣਗੇ। ਸਿਮਰਨਜੀਤ ਸਿੰਘ ਮਾਨ ਪੰਜਾਬ ਦੀ ਸਿਆਸਤ ਦਾ ਜਾਣਿਆ ਹੋਇਆ ਚਿਹਰਾ ਹਨ। ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਦੇ ਪਿੰਡ ਕਿਲ੍ਹਾ ਹਰਨਾਮ ਸਿੰਘ, ਤਲਾਣੀਆਂ ਦੇ ਵਾਸੀ ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਇਸ ਤੋਂ ਪਹਿਲਾਂ ਤਰਨਤਾਰਨ ਵਿੱਚੋਂ 1989 ਵਿੱਚ ਅਤੇਸੰਗਰੂਰ ਤੋਂ ਸਾਲ 1999 ਵਿੱਚ ਲੋਕ ਸਭਾ ਚੋਣ ਜਿੱਤ ਚੁੱਕੇ ਹਨ ਅਤੇ ਤੀਸਰੀ ਵਾਰ ਪਾਰਲੀਮੈਂਟ ਮੈਂਬਰ ਬਣੇ ਹਨ।

ਆਮ ਆਦਮੀ ਪਾਰਟੀ ਦੇ ਉਮੀਦਵਾਰ ਦੀ ਸੰਗਰੂਰ ਲੋਕ ਸਭਾ ਹਲਕੇ ਦੀ ਉੱਪ ਚੋਣ ਵਿੱਚ ਹਾਰ ਪਿੱਛੋਂ ਪੰਜਾਬ ਦੇਮੁੱਖ ਮੰਤਰੀ ਭਗਵੰਤ ਨੇ ਕਿਹਾ, 'ਸੰਗਰੂਰ ਦੇ ਲੋਕਾਂ ਦਾ ਫ਼ਤਵਾ ਸਿਰ-ਮੱਥੇ, ਮੈਂ ਪੰਜਾਬ ਦੀ ਤਰੱਕੀ ਤੇ ਖ਼ੁਸ਼ਹਾਲੀ ਲਈ ਦਿਨ ਰਾਤ ਇਮਾਨਦਾਰੀ ਨਾਲ ਮਿਹਨਤ ਕਰ ਰਿਹਾਂ ਹਾਂ ਅਤੇ ਹੋਰ ਮਿਹਨਤ ਕਰਾਂਗਾ, ਮੈਂ ਤੁਹਾਡਾ ਬੇਟਾ ਹਾਂ ਅਤੇ ਤੁਹਾਡੇ ਪਰਿਵਾਰਾਂ ਦੇ ਭਵਿੱਖ ਨੂੰ ਰੌਸ਼ਨ ਬਣਾਉਣ ਲਈ ਕੋਈ ਕਸਰ ਨਹੀਂ ਰਹਿਣ ਦੇਵਾਂਗਾ।'

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਸੰਗਰੂਰ ਲੋਕ ਸਭਾ ਹਲਕੇ ਦੀ ਉੱਪ ਚੋਣ ਦੀ ਜਿੱਤ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਹਰ ਸਹਿਯੋਗ ਦੇਣ ਦੀ ਪੇਸ਼ਕਸ਼ ਕੀਤੀ ਹੈ। ਇਥੇ ਜਾਰੀ ਕੀਤੇ ਬਿਆਨ ਵਿੱਚ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਹੀ ਲੋਕਤੰਤਰੀ ਭਾਵਨਾ ਮੁਤਾਬਕ ਲੋਕਾਂ ਦੇ ਫਤਵੇ ਅੱਗੇ ਅਸੀਂ ਸੀਸ ਨਿਵਾਉਂਦੇ ਹਾਂ ਤੇ ਸਾਨੂੰ ਯਕੀਨ ਹੈ ਕਿ ਸਿਮਰਨਜੀਤ ਸਿੰਘ ਮਾਨ ਪੰਜਾਬੀਆਂ ਦੀਆਂ ਸ਼ਿਕਾਇਤਾਂ ਦੀ ਆਵਾਜ਼ ਪਾਰਲੀਮੈਂਟ ਵਿੱਚ ਬੁਲੰਦ ਕਰਨਗੇ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ ਦਲ ਨੇ ਇਹ ਪਾਰਲੀਮੈਂਟ ਉੱਪ ਚੋਣ ਸਿਧਾਂਤਾ ਦੇ ਆਧਾਰ ਉੱਤੇ ਲੜੀ ਸੀ ਅਤੇ ਪਾਰਟੀ ਸਿਧਾਂਤਾਂ ਲਈ ਹਮੇਸ਼ਾ ਡਟੀ ਰਹੇਗੀ। ਉਨ੍ਹਾਂ ਕਿਹਾ ਕਿ ਅਸੀਂ ਸਾਰੀਆਂ ਪੰਥਕ ਧਿਰਾਂ ਨਾਲ ਮਿਲ ਕੇ ਬੰਦੀ ਸਿੰਘਾਂ ਦੇ ਪਰਿਵਾਰ ਤਾਂ ਉਮੀਦਵਾਰ ਖੜਾ ਕੀਤਾ ਸੀ। ਉਨ੍ਹਾਂ ਕਿਹਾ ਕਿ ਇਹ ਸਿਧਾਂਤਕ ਲੜਾਈ ਸੀ, ਅਸੀਂ ਭਾਈ ਬਲਵੰਤ ਸਿੰਘ ਰਾਜੋਆਣਾ, ਜੋ ਬਿਨਾਂ ਪੈਰੋਲ ਤੋਂ 28 ਸਾਲਾਂ ਤੋਂ ਜੇਲ੍ਹ ਵਿੱਚ ਬੰਦ ਹਨ, ਸਮੇਤ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਜਾਰੀ ਰੱਖਾਂਗੇ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸਿਮਰਨਜੀਤ ਸਿੰਘ ਮਾਨ ਨੂੰ ਵਧਾਈ ਦੇਂਦਿਆਂ ਟਵੀਟ ਕੀਤਾ ਹੈ ਕਿ ਲੋਕਾਂ ਦਾ ਫਤਵਾ ਨਿਮਰਤਾ ਨਾਲ ਸਵੀਕਾਰ ਹੈ। ਸਿਮਰਨਜੀਤ ਸਿੰਘ ਮਾਨ ਜੀ ਨੂੰ ਜਿੱਤ ਲਈ ਬਹੁਤ ਬਹੁਤ ਮੁਬਾਰਕਾਂ। ਮੈਨੂੰ ਯਕੀਨ ਹੈ ਕਿ ਉਹ ਨਵੀਂ ਭੂਮਿਕਾ ਵਿੱਚ ਪੰਜਾਬ ਦੀ ਆਵਾਜ਼ ਚੁੱਕਦੇ ਰਹਿਣਗੇ। ਇਹ ਨਤੀਜਾ ਰਾਜ ਸਰਕਾਰ ਦੇ ਅਸੰਵੇਦਨਸ਼ੀਲ ਤੇ ਅਯੋਗ ਸ਼ਾਸਨ ਪ੍ਰਤੀ ਜਨਤਾ ਦੀ ਨਾਰਾਜ਼ਗੀ ਪੇਸ਼ ਕਰਦਾ ਹੈ।

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axxel InsuranceBrokers Ltd. | 1332 Khalsa Dr, Unit # 11, Mississauga, ON L5S 0A2

NOW HIRING !!! ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452 Sukhwinder K Singh
CONNEX | 7050A Bramalea Rd, Unit # 13, Mississauga, ON L5S 1T1

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. | Residential, Commercial | www.ksgpestcontrol.ca | ksgpestcontrol@gmail.com
Amarjeet Singh Gill Certified & Licensed Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL Insurance Advisor 416-724-5000

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

ਨਵਾਂ ਘਾਹ ਲਵਾਉ | 647-784-1213 www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


OURR
HOME & APPLIANCES
Exclusive Deal
ON THIS CANADA DAY
$4799
PLUS TAX
GRAB A FREE GIFT WITH
THIS PACKAGE
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM
(416) 792-0877
(416) 551 3343


EXCLUSIVE OFFER!
GET A $15
IN-STORE CREDIT
*WITH NEW ACTIVATION ON A $25/MO
DATA, TALK, & TEXT PLAN OR HIGHER
chatr™
AUTHORIZED DEALER
1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379
See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਅੱਜ ਨਾਮਾ >>

ਧੋਬੀ-ਪਲਟਾ ਗਿਆ ਪੋਤੇ ਨੂੰ ਮਾਰ ਬਾਬਾ,
ਮਾਰ ਗਿਆ ਮਾਨ ਨੂੰ ਮਾਨ ਹੈ ਸੱਟ ਬੇਲੀ।
ਰਿਹਾ ਸੀ ਚੜ੍ਹਤ ਦੇ ਵਿੱਚ ਗਲਤਾਨ ਮੁੰਡਾ,
ਹਿੰਮਤੀ ਬਾਬਾ ਹੈ ਵਾਟ ਗਿਆ ਕੱਟ ਬੇਲੀ।
ਮਾਰੀ ਮਾਰ ਕੁਝ ਵਿਹੜੇ ਦੇ ਭੇਤੀਆਂ ਵੀ,
ਹੁੰਦਾ ਈ ਮਾੜਾ ਭਬੀਖਣ ਦਾ ਫੱਟ ਬੇਲੀ।
ਲਿਆ ਕਮਜ਼ੋਰ ਸੀ ਸਮਝ ਵਿਰੋਧੀਆਂ ਨੂੰ,
ਅਗਲਾ ਹੁੰਦਾ ਨਹੀਂ ਆਪ ਤੋਂ ਘੱਟ ਬੇਲੀ।
ਜੜ੍ਹੀਂ ਬੈਠ ਗਿਆ ਜਿੱਤਾਂ ਦਾ ਵਹਿਮ ਵੱਡਾ,
ਸਾਹਮਣੇ ਆ ਗਿਆ ਸਾਰਾ ਈ ਤੱਤ ਬੇਲੀ।
ਜਿੱਤਾਂ ਹੁੰਦੀਆਂ ਨਾਲ ਨਾ ਅਕਲ ਆਉਂਦੀ,
ਝਟਕਾ ਹਾਰਨ ਦਾ ਦੇਂਦਾ ਕੁਝ ਮੱਤ ਬੇਲੀ।

**ਤੀਸ ਮਾਰ ਖਾਂ**

# ਸੰਗਰੂਰ ਲੋਕ ਸਭਾ ਹਲਕੇ ਦੇ 9 ਵਿਧਾਨ ਸਭਾ ਹਲਕਿਆਂ ਅੰਦਰ ਇੰਜ ਰਿਹਾ ਨਤੀਜਾ

ਸੰਗਰੂਰ, 26 ਜੂਨ, (ਪੋਸਟ ਬਿਊਰੋ)- ਸੰਗਰੂਰਦੇ ਲੋਕ ਸਭਾ ਹਲਕੇ ਦੀ ਉੱਪ ਚੋਣ ਵਿੱਚ ਅੰਮ੍ਰਿਤਸਰ ਅਕਾਲੀ ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਅੱਜ ਆਮ ਆਦਮੀ ਪਾਰਟੀ ਦੇ ਉਮੀਦਵਾਰ ਸਰਪੰਚ ਗੁਰਮੇਲ ਸਿੰਘ ਘਰਾਚੋਂ ਨੂੰ ਹਰਾ ਕੇ ਜਿੱਤ ਗਏ ਹਨ। ਇਸ ਹਲਕੇ ਵਿਚਲੇ 9 ਵਿਧਾਨ ਸਭਾ ਹਲਕਿਆਂ ਦੇ ਨਤੀਜੇ ਵੀ ਹੈਰਾਨ ਕਰਨ ਵਾਲੇ ਹਨ।

ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਅਸੈਂਬਲੀ ਹਲਕਾ ਧੂਰੀ ਵਿੱਚ ਆਮ ਆਦਮੀ ਪਾਰਟੀ ਨੇ ਸਭ ਤੋਂ ਵੱਧ ਵੋਟਾਂ ਦੀ ਲੀਡ ਲਈ, ਪਰ ਨਾਲ ਲਗਦੇ ਵਿਧਾਨ ਸਭਾ ਹਲਕਾ ਮਲੇਰਕੋਟਲਾ ਵਿੱਚ ਸਭ ਤੋਂ ਵੱਧ ਵੋਟਾਂ ਨਾਲ ਇਹ ਪਾਰਟੀ ਹਾਰੀ ਹੈ।ਸਾਰੇ 9 ਵਿਧਾਨ ਸਭਾ ਹਲਕਿਆਂ ਦੇ ਨਤੀਜੇ ਇਸ ਤਰ੍ਹਾਂ ਰਹੇ ਹਨ:

ਵਿਧਾਨ ਸਭਾ ਹਲਕਾ ਸੰਗਰੂਰਵਿੱਚ ਆਮ ਆਦਮੀ ਪਾਰਟੀ ਦੀ ਲੀਡ 2492 ਵੋਟਾਂ ਸੀ। ਨਤੀਜਾ ਏਦਾਂ ਰਿਹਾ:
ਗੁਰਮੇਲ ਸਿੰਘ (ਆਪ)- 30295
ਸਿਮਰਨਜੀਤ ਸਿੰਘ ਮਾਨ- 27803
ਦਲਵੀਰ ਸਿੰਘ ਗੋਲਡੀ (ਕਾਂਗਰਸ)- 12156
ਕੇਵਲ ਸਿੰਘ ਢਿੱਲੋਂ (ਭਾਜਪਾ)- 9748
ਕਮਲਦੀਪ ਕੌਰ ਰਾਜੋਆਣਾ (ਅਕਾਲੀ)- 3795

ਮਾਲਰੇਕੋਟਲਾਵਿੱਚ ਸਿਮਰਨਜੀਤ ਸਿੰਘ ਮਾਨ ਦੀ ਲੀਡ 8101 ਵੋਟਾਂ ਅਤੇ ਬਾਕੀ ਨਤੀਜਾ ਇਸ ਤਰ੍ਹਾਂ ਸੀ:
ਸਿਮਰਨਜੀਤ ਸਿੰਘ ਮਾਨ- 30503
ਗੁਰਮੇਲ ਸਿੰਘ (ਆਪ)- 22402
ਦਲਵੀਰ ਸਿੰਘ ਗੋਲਡੀ (ਕਾਂਗਰਸ)- 13030
ਕੇਵਲ ਸਿੰਘ ਢਿੱਲੋਂ (ਭਾਜਪਾ)- 5412
ਕਮਲਦੀਪ ਕੌਰ ਰਾਜੋਆਣਾ (ਅਕਾਲੀ)- 3543

ਧੂਰੀਵਿੱਚ ਆਮ ਆਦਮੀ ਪਾਰਟੀ ਦੀ ਲੀਡ 12036 ਵੋਟਾਂ ਅਤੇ ਨਤੀਜਾ ਇਸ ਤਰ੍ਹਾਂ ਸੀ:
ਗੁਰਮੇਲ ਸਿੰਘ (ਆਪ)- 33160
ਸਿਮਰਨਜੀਤ ਸਿੰਘ ਮਾਨ- 21124
ਦਲਵੀਰ ਸਿੰਘ ਗੋਲਡੀ (ਕਾਂਗਰਸ)- 13088
ਕੇਵਲ ਸਿੰਘ ਢਿੱਲੋਂ (ਭਾਜਪਾ)- 6549
ਕਮਲਦੀਪ ਕੌਰ ਰਾਜੋਆਣਾ(ਅਕਾਲੀ)- 3348



ਸੁਨਾਮਵਿੱਚ ਆਮ ਆਦਮੀ ਪਾਰਟੀ ਦੀ ਲੀਡ 1483 ਵੋਟਾਂ ਅਤੇ ਨਤੀਜਾ ਏਦਾਂ ਰਿਹਾ:
ਗੁਰਮੇਲ ਸਿੰਘ (ਆਪ)- 36012
ਸਿਮਰਨਜੀਤ ਸਿੰਘ ਮਾਨ- 34529
ਕੇਵਲ ਸਿੰਘ ਢਿੱਲੋਂ (ਭਾਜਪਾ)- 7822
ਦਲਵੀਰ ਸਿੰਘਗੋਲਡੀ (ਕਾਂਗਰਸ)- 6173
ਕਮਲਦੀਪ ਕੌਰ ਰਾਜੋਆਣਾ (ਅਕਾਲੀ)- 5673

ਦਿੜ੍ਹਬਾਵਿੱਚ ਸਿਮਰਨਜੀਤ ਸਿੰਘ ਮਾਨ ਦੀ ਲੀਡ 7553 ਵੋਟਾਂ ਅਤੇ ਨਤੀਜਾ ਇਸ ਤਰ੍ਹਾਂ ਸੀ:
ਸਿਮਰਨਜੀਤ ਸਿੰਘ ਮਾਨ- 37226
ਗੁਰਮੇਲ ਸਿੰਘ (ਆਪ)- 29673
ਕਮਲਦੀਪ ਕੌਰ ਰਾਜੋਆਣਾ (ਅਕਾਲੀ)- 5719
ਦਲਵੀਰ ਸਿੰਘ ਗੋਲਡੀ (ਕਾਂਗਰਸ)- 5122
ਕੇਵਲ ਸਿੰਘ ਢਿੱਲੋਂ (ਭਾਜਪਾ)- 4873

ਲਹਿਰਾਗਾਗਾਵਿੱਚ ਆਮ ਆਦਮੀ ਪਾਰਟੀ ਦੀ ਲੀਡ 2790 ਵੋਟਾਂ ਅਤੇ ਨਤੀਜਾ ਏਦਾਂ ਰਿਹਾ:
ਗੁਰਮੇਲ ਸਿੰਘ (ਆਪ)- 26139
ਸਿਮਰਨਜੀਤ ਸਿੰਘ ਮਾਨ- 23349
ਕੇਵਲ ਸਿੰਘ ਢਿੱਲੋਂ (ਭਾਜਪਾ)- 9909
ਦਲਵੀਰ ਸਿੰਘ ਗੋਲਡੀ (ਕਾਂਗਰਸ)- 6957
ਕਮਲਦੀਪ ਕੌਰ ਰਾਜੋਆਣਾ (ਅਕਾਲੀ)- 5100

ਬਰਨਾਲਾਵਿੱਚ ਸਿਮਰਨਜੀਤ ਸਿੰਘ ਮਾਨ ਦੀ ਲੀਡ 2295 ਵੋਟਾਂ ਅਤੇ ਬਾਕੀ ਨਤੀਜਾ ਇਸ ਤਰ੍ਹਾਂ ਸੀ:
ਸਿਮਰਨਜੀਤ ਸਿੰਘ ਮਾਨ- 25722
ਗੁਰਮੇਲ ਸਿੰਘ (ਆਪ)- 23427
ਕੇਵਲ ਸਿੰਘ ਢਿੱਲੋਂ (ਭਾਜਪਾ)- 13252
ਦਲਵੀਰ ਸਿੰਘ ਗੋਲਡੀ (ਕਾਂਗਰਸ)- 7133
ਕਮਲਦੀਪ ਕੌਰ ਰਾਜੋਆਣਾ (ਅਕਾਲੀ)- 4670

ਭਦੌੜਵਿੱਚ ਸਿਮਰਨਜੀਤ ਸਿੰਘ ਮਾਨ ਦੀ ਲੀਡ 7125 ਵੋਟਾਂ ਅਤੇ ਨਤੀਜਾ ਇਸ ਤਰ੍ਹਾਂ ਸੀ:
ਸਿਮਰਨਜੀਤ ਸਿੰਘ ਮਾਨ- 27628
ਗੁਰਮੇਲ ਸਿੰਘ (ਆਪ)- 20503
ਦਲਵੀਰ ਸਿੰਘ ਗੋਲਡੀ (ਕਾਂਗਰਸ)- 8045
ਕਮਲਦੀਪ ਕੌਰ ਰਾਜੋਆਣਾ (ਅਕਾਲੀ)- 6062
ਕੇਵਲ ਸਿੰਘ ਢਿੱਲੋਂ (ਭਾਜਪਾ)- 5338

ਮਹਿਲ ਕਲਾਂਵਿੱਚ ਵੀ ਆਮ ਆਦਮੀ ਪਾਰਟੀ ਦੀ ਲੀਡ 203 ਵੋਟਾਂ ਅਤੇ ਨਤੀਜਾ ਏਦਾਂ ਰਿਹਾ:
ਗੁਰਮੇਲ ਸਿੰਘ (ਆਪ)- 25217
ਸਿਮਰਨਜੀਤ ਸਿੰਘ ਮਾਨ- 25014
ਦਲਵੀਰ ਸਿੰਘ ਗੋਲਡੀ (ਕਾਂਗਰਸ)- 7822
ਕਮਲਦੀਪ ਕੌਰ ਰਾਜੋਆਣਾ (ਅਕਾਲੀ)- 6383
ਕੇਵਲ ਸਿੰਘ ਢਿੱਲੋਂ (ਭਾਜਪਾ)- 3268

# ਜੇ ਈ ਨੇ ਆਪਣੇ ਡਰਾਈਵਰ ਰਾਹੀਂ ਰਿਸ਼ਵਤ ਦੇ 3000 ਰੁਪਏ ਲਏ

ਦਿੜ੍ਹਬਾ ਮੰਡੀ, 26 ਜੂਨ (ਪੋਸਟ ਬਿਊਰੋ)- ਬਿਜਲੀ ਦਫਤਰ ਦੇ ਇੱਕ ਜੇ ਈ ਵੱਲੋਂ ਆਪਣੇ ਡਰਾਈਵਰ ਰਾਹੀਂ ਰਿਸ਼ਵਤ ਲੈਣ ਦਾ ਮਾਮਲਾ ਸਾਹਮਣੇ ਆਇਆ ਤਾਂ ਅਗਲੀ ਕਾਰਵਾਈ ਸ਼ੁਰੂ ਹੋ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਜੇ ਈ ਪਰਨੀਤ ਕੌਰ ਨੇ ਖੇਤ ਵਿੱਚ ਵੱਡਾ ਟਰਾਂਸਫਾਰਮਰ ਲਾਉਣ ਲਈ ਦੀਪ ਸਿੰਘ ਵਾਸੀ ਜਨਾਲ ਤੋਂ 3000 ਰੁਪਏ ਰਿਸ਼ਵਤ ਮੰਗੀ, ਜਿਸ ਦੇ ਪਹਿਲਾਂ 16 ਦਾ ਟਰਾਂਸਫਾਰਮਰ ਲੱਗਾ ਸੀ ਅਤੇਇਸ ਦਾ ਲੋਡ ਵਧਾਉਣ ਲਈ ਦਰਖਾਸਤ ਦਿੱਤੀ ਸੀ। ਦੀਪ ਨੇ ਦੱਸਿਆ ਕਿ ਮੈਨੂੰ ਸਿਰਫ ਕੇਬਲ ਦੀ ਲੋੜ ਸੀ, ਕਿਉਂਕਿ ਇਹ ਝੋਨੇ ਦੀ ਲੁਆਈ ਦਾ ਸੀਜ਼ਨ ਸੀ। ਉਸ ਨੇ ਦੱਸਿਆ ਕਿ ਜੇ ਈ ਨੇ ਕੇਬਲ ਦੇਣ ਤੋਂ ਨਾਂਹ ਕਰ ਦਿੱਤੀ ਕਿ ਪਹਿਲਾਂ 25 ਕਿਲੋਵਾਟ ਦਾ ਟ੍ਰਾਂਸਫਾਰਮਰ ਲਾਓ, ਫਿਰ ਮਿਲੇਗੀ। ਕਈ ਦਿਨ ਬੀਤਣ ਪਿੱਛੋਂ ਵੀ ਨਾ ਤਾਂ ਟਰਾਂਸਫਾਰਮਰ ਲਾਇਆ ਗਿਆ ਤੇ ਨਾ ਕੇਬਲ ਦਿਤੀ ਗਈ।ਉਨ੍ਹਾਂ ਅੱਗੇ ਦੱਸਿਆ ਕਿ ਜੇ ਈ ਦੇ ਡਰਾਈਵਰ ਨੇ ਟਰਾਂਸਫਾਰਮਰ ਜਲਦੀ ਲਾਉਣ ਲਈ 4000 ਰੁਪਏ ਦੀ ਮੰਗ ਕੀਤੀ। ਦੀਪ ਸਿੰਘ ਨੇ ਅੱਗੇ ਦੱਸਿਆ ਕਿ ਜਦੋਂ ਇਸ ਸਬੰਧੀ ਐਕਸੀਅਨਮਨੀਸ਼ ਜਿੰਦਲ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਅਸੀਂ ਤੁਹਾਡੇ ਨਾਲ ਹਾਂ, ਕਾਰਵਾਈ ਕਰੋ। ਕੱਲ੍ਹ ਉਸ ਨੇ ਡਰਾਈਵਰ ਨੂੰ ਤਿੰਨ ਹਜ਼ਾਰ ਰੁਪਏ ਦੇਣ ਤੋਂ ਪਹਿਲਾਂ ਨੋਟਾਂ ਦੀ ਫੋਟੋ ਸਟੇਟ ਕਰਵਾ ਕੇ 3000 ਰੁਪਏ ਦੇ ਦਿੱਤੇ। ਇਸ ਬਾਰੇ ਐਕਸੀਅਨ ਨੇ ਦੱਸਿਆ ਕਿ ਜੇ ਈਪਰਨੀਤ ਕੌਰ ਵੱਲੋਂ ਮੰਗੀ ਰਿਸ਼ਵਤ ਉਸ ਦੇ ਡਰਾਈਵਰ ਤੋਂ ਪੰਜ 500 ਰੁਪਏ ਦੇ ਛੇ ਨੋਟ ਬਰਾਮਦ ਹੋਏ ਹਨ, ਜਿਨ੍ਹਾਂ ਨਾਲ ਫੋਟੋ ਵਾਲੇ ਨੰਬਰਾਂ ਦਾ ਮੇਲ ਹੋਇਆ ਹੈ। ਉਨ੍ਹਾਂ ਦੱਸਿਆ ਕਿ ਇਸ ਬਾਰੇ ਉਚ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

# ਭਾਰਤ ਦੀਆਂ ਉੱਪ ਚੋਣਾਂ: ਭਾਜਪਾ ਨੇ ਆਜ਼ਮਗੜ੍ਹ ਅਤੇ ਰਾਮਪੁਰ ਲੋਕਸਭਾ ਸੀਟਾਂ ਸਮਾਜਵਾਦੀ ਪਾਰਟੀ ਤੋਂ ਖੋਹੀਆਂ

### * ਦਿੱਲੀ ਵਿੱਚ ਆਪ ਪਾਰਟੀ ਦਾ ਦੁਰਗੇਸ਼ ਪਾਠਕ ਜਿੱਤਿਆ

ਨਵੀਂ ਦਿੱਲੀ, 26 ਜੂਨ, (ਪੋਸਟ ਬਿਊਰੋ)-ਅੱਜ ਐਤਵਾਰ ਨੂੰ ਤਿੰਨ ਲੋਕ ਸਭਾ ਤੇ ਸੱਤ ਵਿਧਾਨ ਸਭਾ ਸੀਟਾਂ ਦੀਆਂ ਉਪ ਚੋਣਾਂ ਦੇ ਨਤੀਜੇ ਐਲਾਨ ਕਰ ਦਿੱਤੇ ਗਏ ਹਨ। ਇਨ੍ਹਾਂ ਵਿੱਚੋਂ ਭਾਜਪਾ ਨੇ ਸਮਾਜਵਾਦੀ ਪਾਰਟੀ ਦਾ ਗੜ੍ਹ ਮੰਨੇ ਜਾਂਦੇ ਉੱਤਰ ਪ੍ਰਦੇਸ਼ ਦੇ ਰਾਮਪੁਰ ਅਤੇ ਆਜ਼ਮਗੜ੍ਹ ਦੀਆਂ ਲੋਕ ਸਭਾ ਸੀਟਾਂ ਉਸ ਤੋਂ ਖੋਹ ਲਈਆਂ ਹਨ।



ਆਜ਼ਮਗੜ੍ਹ ਵਿੱਚ ਭਾਜਪਾ ਦੇ ਦਿਨੇਸ਼ ਲਾਲ ਯਾਦਵ ਨੇ 8679 ਵੋਟਾਂ ਦੇ ਨਾਲਸਮਾਜਵਾਦੀ ਪਾਰਟੀ ਦੇ ਧਰਮਿੰਦਰ ਯਾਦਵ ਨੂੰ ਹਰਾਇਆ ਹੈ।ਰਾਮਪੁਰ ਵਿੱਚ ਭਾਜਪਾ ਦੇਘਨਸ਼ਿਆਮ ਯਾਦਵ ਨੇ ਸਮਜਾਵਾਦੀ ਪਾਰਟੀ ਦੇ ਮੁਹੰਮਦ ਆਸਿਮ ਰਜ਼ਾ ਨੂੰ 42192 ਵੋਟਾਂ ਦੇ ਫਰਕ ਨਾਲ ਹਰਾ ਦਿੱਤਾ ਹੈ।ਪੰਜਾਬ ਦੀ ਸੰਗਰੂਰਲੋਕ ਸਭਾ ਸੀਟ ਤੋਂ ਅੰਮ੍ਰਿਤਸਰ ਅਕਾਲੀ ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਮਾਤ ਦਿੱਤੀ ਹੈ।

ਵਿਧਾਨ ਸਭਾ ਉਪ ਚੋਣਾਂ ਦੇ ਨਤੀਜਿਆਂ ਵਿੱਚ ਭਾਜਪਾ ਨੇ ਤ੍ਰਿਪੁਰਾ ਦੀਆਂ ਚਾਰ ਸੀਟਾਂ ਵਿੱਚੋਂ ਤਿੰਨ ਤੇ ਕਾਂਗਰਸ ਨੇ ਇੱਕ ਸੀਟ ਜਿੱਤੀ ਹੈ। ਝਾਰਖੰਡ ਵਿੱਚ ਇੱਕ ਸੀਟ ਦੀ ਉੱਪ ਚੋਣ ਹੋਈ ਅਤੇ ਕਾਂਗਰਸ ਉਮੀਦਵਾਰ ਸ਼ਿਲਪੀ ਨੇਹਰਾ ਜੇਤੂ ਰਹੀ ਹੈ। ਆਂਧਰਾ ਪ੍ਰਦੇਸ਼ ਦੀ ਆਤਮਾਕੁਰ ਸੀਟ ਵਾਈ ਐੱਸ ਆਰ ਕਾਂਗਰਸ ਨੇ ਜਿੱਤੀ ਹੈ।

ਦਿੱਲੀ ਦੀ ਰਾਜਿੰਦਰ ਨਗਰ ਵਿਧਾਨ ਸਭਾ ਉੱਪ ਚੋਣ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੁਰਗੇਸ਼ ਪਾਠਕ ਨੇ 11,468 ਵੋਟਾਂ ਦੇ ਫਰਕ ਨਾਲ ਜਿੱਤ ਲਈ ਹੈ।ਉਸ ਦਾ ਮੁਕਾਬਲਾ ਭਾਜਪਾ ਦੇ ਉਮੀਦਵਾਰ ਰਾਜੇਸ਼ ਭਾਟੀਆ ਨਾਲ ਸੀ। ਦੁਰਗੇਸ਼ ਪਾਠਕ ਨੂੰ40319, ਭਾਜਪਾ ਉਮੀਦਵਾਰ ਰਾਜੇਸ਼ ਭਾਟੀਆ ਨੂੰ 28851 ਅਤੇ ਕਾਂਗਰਸ ਉਮੀਦਵਾਰ ਪ੍ਰੇਮ ਲਤਾ ਨੂੰ ਮਸਾਂ 2014 ਵੋਟਾਂ ਮਿਲ ਸਕੀਆਂ ਹਨ। ਰਾਜਿੰਦਰ ਨਗਰ ਸੀਟ ਰਾਜ ਸਭਾ ਮੈਂਬਰ ਚੁਣੇ ਗਏ ਆਮ ਆਦਮੀ ਪਾਰਟੀ ਦੇ ਨੇਤਾ ਰਾਘਵ ਚੱਢਾ ਦੇ ਅਸਤੀਫ਼ੇ ਕਾਰਨ ਖਾਲੀ ਹੋਈ ਸੀ।


















# ਅਗਨੀਪਥ ਯੋਜਨਾ: ਗਵਰਨਰ ਸੱਤਿਆਪਾਲ ਮਲਿਕ ਨੇ 'ਜਵਾਨਾਂ ਦੀਆਂ ਉਮੀਦਾਂ ਨਾਲ ਧੋਖਾ' ਕਿਹਾ

ਨਵੀਂ ਦਿੱਲੀ, 26 ਜੂਨ, (ਪੋਸਟ ਬਿਊਰੋ)-ਮੇਘਾਲਿਆ ਦੇ ਗਵਰਨਰ-ਸੱਤਿਆਪਾਲ ਮਲਿਕ ਨੇ 'ਅਗਨੀਪਥ ਯੋਜਨਾ' ਦਾ ਵੀ ਖੁੱਲ੍ਹ ਕੇ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ, "ਇਹ ਯੋਜਨਾ ਜਵਾਨਾਂ ਦੇ ਖਿਲਾਫ ਤੇ ਉਨ੍ਹਾਂ ਦੀਆਂ ਉਮੀਦਾਂ ਨਾਲ ਧੋਖਾ ਹੈ। 6 ਮਹੀਨੇ ਦੀ ਟ੍ਰੇਨਿੰਗ, 6 ਮਹੀਨੇ ਦੀ ਛੁੱਟੀ ਅਤੇ 3 ਸਾਲ ਦੀ ਸਰਵਿਸ ਤੋਂ ਬਾਅਦ ਜਦੋਂ ਜਵਾਨ ਘਰ ਪਰਤੇਗਾ ਤਾਂ ਉਸ ਦਾ ਵਿਆਹ ਤੱਕ ਨਹੀਂ ਹੋਣਾ"। ਉਨ੍ਹਾਂ ਨੇ ਇਸ ਸਕੀਮ ਨੂੰ ਗਲਤ ਕਿਹਾ ਹੈ।



ਗਵਰਨਰ ਸੱਤਿਆਪਾਲ ਮਲਿਕ ਐਤਵਾਰ ਨੂੰ ਬਾਗਪਤ ਦੇ ਖੇਕੜਾ ਕਸਬੇ ਵਿੱਚ ਆਪਣੇ ਦੋਸਤ ਗਾਜੇ ਸਿੰਘ ਧਾਮਾ ਦੇ ਦੇਹਾਂਤ ਉੱਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਆਏ ਸਨ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਫ਼ੌਜ ਦੀ ਭਰਤੀ ਪ੍ਰਕਿਰਿਆ ਨੂੰ ਪੁਰਾਣੀ ਯੋਜਨਾ ਅਨੁਸ-ਾਰ ਜਾਰੀ ਰੱਖਣ ਦੀ ਸਲਾਹ ਦਿੱਤੀ ਹੈ।ਸੱਤਿਆਪਾਲ ਮਲਿਕ ਨੇ ਹਰਿਆਣਾ ਦੇ ਮੁੱਖ ਮੰਤਰੀ ਦਾ ਨਾਂ ਲਏ ਬਿਨਾਂ ਕਿਹਾ ਕਿ ਚਾਰ ਸਾਲ ਫੌਜ ਵਿਚ ਨੌਕਰੀ ਕਰਨ ਤੋਂ ਬਾਅਦ ਇਨ੍ਹਾਂ ਨੌਜਵਾਨਾਂ ਨੂੰ ਨੌਕਰੀ ਦੇਣ ਦੀ ਗੱਲ ਉਹ ਆਗੂ ਕਰ ਰਹੇ ਹਨ, ਜੋ ਮੁੜ ਕੇ ਕਦੇ ਮੁੱਖ ਮੰਤਰੀ ਨਹੀਂ ਬਣਨਗੇ।

ਗਵਰਨਰ ਸੱਤਿਆਪਾਲ ਮਲਿਕ ਨੇ ਕਿਹਾ, 'ਮੈਂ ਸੇਵਾਮੁਕਤੀ ਦੇਬਾਅਦ ਰਾਜਨੀਤੀ ਨਹੀਂ ਕਰਾਂਗਾ। ਮੇਰੀ ਅਜਿਹੀ ਕੋਈ ਇੱਛਾ ਨਹੀਂ, ਨਾ ਮੈਂ ਚੋਣ ਲੜਾਂਗਾ। ਮੇਰੀ ਸੇਵਾਮੁਕਤ ਹੁੰਦੇ ਸਾਰ ਕਸ਼ਮੀਰ ਉੱਤੇ ਕਿਤਾਬ ਲਿਖਾਂਗਾ। ਮੈਂ ਕਿਸਾਨਾਂ ਤੇ ਨੌਜਵਾਨਾਂ ਦੀ ਆਵਾਜ਼ ਬਣਾਂਗਾ। ਮੈਂ ਉਨ੍ਹਾਂ ਲਈ ਲੜਾਂਗਾ"।ਫਸਲਾਂ ਦੀ ਘੱਟੋ-ਘੱਟ ਖਰੀਦ ਕੀਮਤ (ਐਮਐਸਪੀ) ਬਾਰੇ ਇੱਕ ਸਵਾਲ ਉੱਤੇਗਵਰਨਰਸੱਤਿਆ ਪਾਲ ਮਲਿਕ ਨੇ ਕਿਹਾ ਕਿ ਸਰਕਾਰ ਨੇ ਕਿਸਾਨਾਂ ਨਾਲ ਵਾਅਦਾ ਕੀਤਾ ਸੀ ਕਿ ਐਮਐਸਪੀ ਉੱਤੇ ਜਲਦੀ ਹੀ ਕਮੇਟੀ ਬਣਾਈ ਜਾਵੇਗੀ,ਪਰ ਅੱਜਕੱਲ੍ਹ ਸਰਕਾਰ ਇਸ ਬਾਰੇ ਪੂਰੀ ਤਰ੍ਹਾਂ ਚੁੱਪ ਹੈ, ਨਾ ਤਾਂ ਕਮੇਟੀ ਬਣਾਈ ਹੈ ਅਤੇ ਨਾ ਐਮਐਸਪੀ ਨੂੰ ਲਾਗੂ ਕੀਤਾ ਗਿਆ ਹੈ।

# ਸਿੱਧੂ ਮੂਸੇਵਾਲਾ ਦਾ ਐੱਸ ਵਾਈ ਐੱਲ ਗੀਤ ਪਾਬੰਦੀ ਲੱਗਣ ਦੇ ਕਾਰਨ ਯੂਟਿਊਬ ਨੇ ਹਟਾਇਆ

ਨਵੀਂ ਦਿੱਲੀ, 26 ਜੂਨ, (ਪੋਸਟ ਬਿਊਰੋ)- ਪਿਛਲੇ ਮਹੀਨੇ ਕਤਲ ਕਰ ਦਿੱਤੇ ਗਏ ਪੰਜਾਬੀ ਗਾਇਕਸਿੱਧੂਮੂਸੇਵਾਲਾ ਦੇ ਐੱਸ ਵਾਈ ਐੱਲ ਗੀਤ ਉੱਤੇ ਪਾਬੰਦੀ ਲੱਗ ਗਈ ਤੇ ਯੂਟਿਊਬ ਨੇ ਇਹ ਗੀਤ ਆਪਣੇ ਚੈਨਲ ਤੋਂ ਹਟਾ ਦਿੱਤਾ ਹੈ। ਜਾਰੀ ਹੋਣ ਦੇ ਕੁਝ ਹੀ ਮਿੰਟਾਂ ਵਿੱਚ ਪ੍ਰਸਿੱਧੀ ਹਾਸਲ ਕਰਨ ਤੇ ਰਾਜਸੀ ਚਰਚੇ ਛੇੜਨ ਵਾਲੇ ਇਸ ਗੀਤ ਨੂੰ ਐਤਵਾਰ ਯੂਟਿਊਬ ਤੋਂ ਹਟਾ ਦਿੱਤਾ ਗਿਆ ਹੈ।ਵਰਨਣ ਯੋਗ ਹੈ ਕਿ ਇਸ ਗੀਤ ਦੇਨਾਲ ਸਤਲੁਜ-ਯਮਨਾ ਲਿੰਕ ਨਹਿਰ(ਐੱਸ ਵਾਈ ਐੱਲ)ਬਣਨ ਬਾਰੇ ਪੰਜਾਬ ਦੀ ਰਾਜਨੀਤੀ ਜ਼ੋਰਾਂਭਖ ਗਈ ਸੀ।ਇਸ ਵਿੱਚਮੂਸੇਵਾਲਾ ਨੇ ਐੱਸ ਵਾਈ ਐੱਲ ਅਤੇ ਬੰਦੀ ਸਿੰਘਾਂ

*** ਗੀਤ ਰਿਲੀਜ਼ ਹੋਣ ਤੋਂ ਪਹਿਲਾਂ ਲੀਕ ਹੋਣ ਬਾਰੇ ਕੇਸ ਦਰਜ**

ਦਾ ਮਸਲਾ ਜ਼ੋਰ ਨਾਲ ਚੁੱਕਿਆ ਸੀ।ਯੂਟਿਊਬ ਨੇ ਇਸ ਨੂੰ ਕਾਨੂੰਨੀ ਸ਼ਿਕਾਇਤ ਹੇਠ ਹਟਾਇਆਦੱਸਿਆ ਹੈ।

ਇਸ ਦੌਰਾਨ ਸਿੱਧੂਮੂਸੇਵਾਲਾ ਦਾ ਗੀਤ 'ਐੱਸ ਵਾਈ ਐੱਲ' ਰਿਲੀਜ਼ ਹੋਣ ਦੇ ਪਹਿਲਾਂ ਲੀਕ ਹੋ ਜਾਣ ਬਾਰੇ ਥਾਣਾ ਸਦਰ ਮਾਨਸਾ ਦੀ ਪੁਲਿਸ ਨੇ ਅਣਪਛਾਤੇ ਦੋਸ਼ੀ ਖਿਲਾਫ ਕੇਸ ਦਰਜ ਕੀਤਾ ਹੈ। ਥਾਣਾ ਮੁਖੀ ਬੇਅੰਤ ਕੌਰ ਨੇ ਦੱਸਿਆ ਕਿ ਸ਼ੁਭਦੀਪ ਸਿੰਘ ਸਿੱਧੂਮੂਸੇਵਾਲਾ ਦੇ ਪਿਤਾ ਬਲਕੌਰ



ਸਿੰਘ ਵਾਸੀ ਮੂਸਾ ਨੇ ਪੁਲਿਸ ਨੂੰ ਬਿਆਨ ਦਰਜ ਕਰਵਾਇਆ ਹੈ ਕਿ ਉਸ ਦਾ ਪੁੱਤਰ ਸਵਰਗੀਸਿੱਧੂਮੂਸੇਵਾਲਾ ਕਲਾਕਾਰ ਸੀ। ਉਸ ਦਾ ਗੀਤ 'ਐੱਸ ਵਾਈ ਐੱਲ' ਉਨ੍ਹਾਂ ਨੇ 23 ਜੂਨ 2022 ਨੂੰ ਸ਼ਾਮ 6 ਵਜੇ ਰਿਲੀਜ਼ ਕਰਨਾ ਸੀ, ਉਸ ਨੂੰ ਕਿਸੇ ਅਣਪਛਾਤੇ ਵਿਅਕਤੀ ਨੇ 20 ਜੂਨ 2022 ਨੂੰ ਲੀਕ ਕਰ ਦਿੱਤਾ ਸੀ। ਜਾਂਚ ਅਧਿਕਾਰੀ ਨੇ ਦੱਸਿਆ ਕਿ ਇਸ ਬਾਰੇਅਣਪਛਾਤੇ ਵਿਅਕਤੀ ਖਿਲਾਫ਼ ਕੇਸ ਦਰਜ ਕੀਤਾ ਗਿਆ ਹੈ।

# ਸ਼੍ਰੋਮਣੀ ਕਮੇਟੀ ਦੇ ਜਨਰਲ ਸੈਕਟਰੀ ਪੰਜੋਲੀ ਨੇ ਅਕਾਲੀ ਲੀਡਰਸ਼ਿਪ ਵਿੱਚ ਤਬਦੀਲੀ ਦੀ ਸੁਰ ਚੁੱਕੀ

*** ਉੱਪ ਚੋਣ ਵਿੱਚ ਹਾਰ ਤੋਂ ਬਾਅਦ ਪਾਰਟੀ ਉੱਤੇ ਸਵਾਲ ਉਠਾਏ * ਕਿਰਨਜੋਤ ਕੌਰ ਨੇ ਸੁਖਬੀਰ ਬਾਦਲ ਨੂੰ ਜ਼ਿੰਮੇਵਾਰ ਆਖਿਆ**

ਫ਼ਤਹਿਗੜ੍ਹ ਸਾਹਿਬ, 26 ਜੂਨ, (ਪੋਸਟ ਬਿਊਰੋ)-ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸੈਕਟਰੀ ਕਰਨੈਲ ਸਿੰਘ ਪੰਜੋਲੀ ਨੇ ਲੋਕ ਸਭਾ ਹਲਕਾ ਸੰਗਰੂਰ ਦੀ ਉੱਪ ਚੋਣ ਵਿੱਚ ਅਕਾਲੀ ਦਲ ਦੀ ਨਮੋਸ਼ੀਜਨਕ ਹਾਰਪਿੱਛੋਂ ਪਾਰਟੀ ਲੀਡਰਸ਼ਿਪ ਬਾਰੇ ਸਵਾਲ ਚੁੱਕੇ ਅਤੇ ਕਿਹਾ ਕਿ ਲੋਕ ਅਕਾਲੀ ਦਲ ਦੀ ਲੀਡਰਸ਼ਿਪ ਬਦਲੀ ਚਾਹੁੰਦੇ ਹਨ ਤੇ ਅਕਾਲੀ ਦਲ ਦੀ ਸਾਰੀ ਲੀਡਰਸ਼ਿਪ ਵੱਖ-ਵੱਖ ਚੋਣਾਂ ਵਿੱਚ ਹੋਈ ਹਾਰ ਨੂੰ ਮੁੱਖਰੱਖ ਕੇ ਆਪਣੇ ਅਹੁਦੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸੌਂਪ ਕੇ ਤਿਆਗ ਦਾ ਸਬੂਤ ਦੇਵੇ, ਕਿਉਂਕਿ ਮੌਜੂਦਾ ਲੀਡਰਸ਼ਿਪ ਖ਼ਾਲਸਾ ਪੰਥ ਦੀ ਰਾਜਸੀ ਧਿਰ ਵਜੋਂ ਪੰਥ ਦੀ ਅਗਵਾਈ ਕਰਨ ਵਿੱਚਪੂਰੀ ਤਰ੍ਹਾਂ ਅਸਫਲ ਹੈ। ਅਕਾਲੀ ਦਲ ਏਸੇ ਕਾਰਨ ਪਹਿਲਾਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਬੁਰੀ ਤਰ੍ਹਾਂ ਹਾਰਿਆ ਸੀ ਅਤੇ ਅੱਜ ਉੱਪ ਚੋਣ ਹਾਰ ਗਿਆ ਹੈ।



ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵਿਰੁੱਧ ਫ਼ਤਵਾ ਇਸ ਲਈ ਵੀ ਹੈ ਕਿ ਇਸ ਨੇ ਪੰਥ ਤੇ ਪੰਜਾਬ ਦੇ ਏਜੰਡੇ ਨੂੰ ਬੁਰੀ ਤਰ੍ਹਾਂ ਤਿਆਗ ਦਿੱਤਾ ਹੈ, ਜਿਸ ਦਾ ਨਤੀਜਾ ਚੋਣਾਂ ਵਿੱਚ ਲੋਕਾਂ ਦਾ ਗੁੱਸੇ ਵਜੋਂ ਬਾਹਰ ਆਇਆ ਹੈ। ਉਨ੍ਹਾਂ ਕਿਹਾ ਕਿ ਪਾਰਟੀ ਪੂਰੀ ਤਰ੍ਹਾਂ ਪਰਿਵਾਰਵਾਦ ਵਿੱਚਫਸ ਗਈ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਖ਼ਾਲਸਾ ਪੰਥ ਦੀ ਰਾਜਸੀ ਧਿਰ ਹੈ ਤੇ ਇਸ ਦਾ ਜਿੰਦਾ ਤੇ ਮਜ਼ਬੂਤ ਰਹਿਣਾ ਬਹੁਤ ਜ਼ਰੂਰੀ ਹੈ, ਕਿਉਂਕਿ ਪੰਥ ਤੇ ਪੰਜਾਬ ਦੀ ਅਗਵਾਈ ਇਸ ਤੋਂ ਬਿਨਾਂ ਕੋਈ ਹੋਰ ਧਿਰ ਨਹੀਂ ਕਰ ਸਕਦੀ । ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਮਜ਼ਬੂਤ ਹੋਣ ਦੀ ਲੋੜ ਹੈ, ਤਾਂ ਕਿ ਜਿਵੇਂ ਇਸ ਨੇ ਪਿਛਲੇ ਸਮੇਂ ਵਿੱਚ ਜੰਗਾਂ ਲੜੀਆਂ ਸਨ, ਓਦਾਂ ਹੀ ਅੱਗੋਂ ਲੜੀਆਂ ਜਾ ਸਕਣ। ਇਸ ਲਈ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਨੂੰ ਕੁਰਬਾਨੀ, ਤਿਆਗ ਤੇ ਤਬਦੀਲੀ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਸੰਗਰੂਰਦੀ ਪਾਰਲੀਮੈਂਟ ਉੱਪ ਚੋਣ ਵਿੱਚ ਅਕਾਲੀ ਦਲ ਬਾਦਲ ਦੀ ਕਰਾਰੀ ਹਾਰ ਲਈ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਜ਼ਿੰਮੇਵਾਰ ਕਿਹਾਅਤੇ ਫੇਸਬੁੱਕ ਉੱਤੇ ਪੋਸਟ ਪਾਈ ਕਿ 'ਜਾਪਦਾ ਹੈ, ਮਸਲਾ ਇਹ ਨਹੀਂ ਕਿ ਅਕਾਲੀ ਦਲ ਹਾਰ ਗਿਆ, ਪਹਿਲਾਂ ਹੀ ਅਕਾਲੀ ਉਮੀਦਵਾਰ ਦੀ ਜ਼ਮਾਨਤ ਜ਼ਬਤ ਹੋਣ ਦਾ ਅੰਦਾਜ਼ਾ ਸੀ, ਮੁੱਦਾ ਇਹ ਹੈ ਕਿ ਪੰਜਵੇਂ ਸਥਾਨ ਉੱਤੇ ਪਾਰਟੀ ਨੂੰ ਲਿਆਉਣ ਦੇ ਬਾਵਜੂਦ ਸੁਖਬੀਰ ਸਿੰਘ ਬਾਦਲ ਪ੍ਰਧਾਨਗੀ ਤੋਂ ਲਾਂਭੇ ਹੋਣ ਨੂੰ ਤਿਆਰ ਨਹੀਂ। ਮੌਜੂਦਾ ਲੀਡਰਾਂ ਦਾ ਪੰਥਕ ਕਾਰਡ ਫੇਲ੍ਹ ਹੋ ਗਿਆ ਹੈ, ਕਿਉਂਕਿ ਉਹ ਪੰਥਕ ਨਬਜ਼ ਦੀ ਪਛਾਣ ਕਰਨ ਵਿੱਚ ਫੇਲ੍ਹ ਹੋਏ ਹਨ।'

# ਪਰਵਾਸੀ ਤੋਂ ਮੋਬਾਈਲ ਖੋਹਣ ਵਾਲੇ ਬੁਲੇਟ ਸਵਾਰ ਤਿੰਨ ਛੋਕਰੇ ਕਾਬੂ

*** ਦੋਸ਼ੀਆਂ ਤੋਂ ਖੋਹੇ ਗਏ ਚਾਰ ਹੋਰ ਮੋਬਾਈਲ ਵੀ ਬਰਾਮਦ**

ਜਲੰਧਰ, 26 ਜੂਨ (ਪੋਸਟ ਬਿਊਰੋ)- ਬੁਲੇਟ ਮੋਟਰ ਸਾਈਕਲ ਉੱਤੇਚੜ੍ਹ ਕੇ ਪਰਵਾਸੀਆਂ ਤੋਂ ਮੋਬਾਈਲ ਖੋਹਣ ਵਾਲੇ ਤਿੰਨ ਨੌਜਵਾਨਾਂ ਨੂੰ ਥਾਣਾ-3 ਦੀ ਫੋਕਲ ਪੁਆਇੰਟ ਚੌਕੀ ਦੀ ਪੁਲਸ ਨੇ 24 ਘੰਟਿਆਂ ਵਿੱਚ ਫੜ ਲਿਆ ਹੈ। ਦੋਸ਼ੀਆਂ ਤੋਂ ਪਰਵਾਸੀ ਕੋਲੋ ਖੋਹਿਆ ਮੋਬਾਈਲ ਅਤੇ ਖੋਹੇ ਹੋਏ ਹੋਰ ਚਾਰ ਮੋਬਾਈਲ ਵੀ ਮਿਲੇ ਹਨ। ਤਿੰਨਾਂ ਦੇ ਖਿਲਾਫ ਕੇਸ ਦਰਜ ਕਰ ਕੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਪੁਲਸ ਨੇਦੱਸਿਆ ਕਿ 24 ਜੂਨ ਨੂੰ ਢੰਨ ਮੁਹੱਲੇ ਵਿੱਚ ਕਿਰਾਏ ਉੱਤੇ ਰਹਿੰਦੇ ਪਰਵਾਸੀ ਪੰਕਜ ਕੁਮਾਰ ਦਾ ਬੁਲੇਟ ਮੋਟਰ ਸਾਈਕਲ ਸਵਾਰ ਲੁਟੇਰਿਆਂ ਨੇ ਮੋਬਾਈਲ ਖੋਹ ਲਿਆ ਸੀ। ਕੇਸ ਦਰਜ ਕਰਨ ਦੇ ਬਾਅਦ-ਪੁਲਸ ਨੇ ਹਿਊਮਨ ਰਿਸੋਰਸਿਜ਼ ਅਤੇ ਸੀ ਸੀ ਟੀ ਵੀ ਕੈਮਰਿਆਂ ਦੀ ਮਦਦ ਨਾਲ ਦੋਸ਼ੀਆਂ ਦਾ ਰੂਟ ਟਰੇਸ ਕਰ ਕੇ ਉਨ੍ਹਾਂ ਦੀ ਪਛਾਣ ਕਰਨ ਦੇ ਬਾਅਦ ਸੋਢਲ ਚੌਕ ਤੋਂ ਤਿੰਨਾਂ ਨੂੰ ਗ੍ਰਿਫਤਾਰ ਕਰ ਲਿਆ।ਦੋਸ਼ੀ ਸੋਢਲ ਚੌਕ ਦੇ ਨੇੜੇ ਨਵੀਂ ਵਾਰਦਾਤ ਲਈ ਬੁਲੇਟ ਉੱਤੇ ਘੁੰਮ ਰਹੇ ਸਨ। ਫੜੇ ਗਏ ਦੋਸ਼ੀਆਂ ਦੀ ਪਛਾਣ ਜਸਪ੍ਰੀਤ ਸਿੰਘ ਉਰਫ ਜੱਸੀ ਪੁੱਤਰ ਇੰਦਰਜੀਤ ਸਿੰਘ, ਸਰਵਣ ਸਿੰਘ ਉਰਫ ਬੱਬੂ ਪੁੱਤਰ ਜਸਵੰਤ ਸਿੰਘ ਦੋਵੇਂ ਵਾਸੀ ਗੁਰੂ ਅਰਜਨ ਨਗਰ ਮਿੱਠੂ ਬਸਤੀ ਅਤੇ ਸਾਗਰ ਸਿੰਘ ਪੁੱਤਰ ਗੁਰਬਖਸ਼ ਸਿੰਘ ਵਾਸੀ ਕ੍ਰਿਸ਼ਨਾ ਨਗਰ ਨਜ਼ਦੀਕ ਆਦਰਸ਼ ਨਗਰ ਵਜੋਂ ਹੋਈ ਹੈ। ਪੁਲਸ ਨੇ ਦੋਸ਼ੀਆਂ ਨੂੰ ਅਦਾਲਤ ਵਿੱਚ ਪੇਸ਼ ਕਰ ਕੇ ਦੋ ਦਿਨਾਂ ਦੇ ਰਿਮਾਂਡ ਉੱਤੇ ਲਿਆ ਹੈ।ਪੁੱਛਗਿੱਛ ਕਰਨ ਉੱਤੇ ਦੋਸ਼ੀਆਂ ਨੇ ਸ਼ਹਿਰ ਵਿੱਚ ਕੀਤੀਆਂ ਚਾਰ ਹੋਰ ਮੋਬਾਈਲ ਲੁੱਟਣ ਦੀਆਂ ਵਾਰਦਾਤਾਂ ਨੂੰ ਵੀ ਕਬੂਲ ਲਿਆ। ਪੁਲਸ ਨੇ ਉਕਤ ਚਾਰੇ ਮੋਬਾਈਲ ਵੀ ਬਰਾਮਦ ਕਰ ਲਏ ਹਨ।













# ਚਾਰ ਫਾਸਟ ਫੂਡ ਰੈਸਟੋਰੈਂਟਸ ਵਿੱਚ ਡਾਕੇ ਮਾਰਨ ਵਾਲੇ ਵਿਅਕਤੀ ਦੀ ਭਾਲ ਕਰ ਰਹੀ ਹੈ ਪੁਲਿਸ




ਟੋਰਾਂਟੋ, 26 ਜੂਨ (ਪੋਸਟ ਬਿਊਰੋ) : ਸ਼ੁੱਕਰਵਾਰ ਰਾਤ ਤੋਂ ਲੈ ਕੇ ਸ਼ਨਿੱਚਰਵਾਰ ਸਵੇਰ ਤੱਕ ਫਾਸਟ ਫੂਡ ਰੈਸਟੋਰੈਂਟਸ ਵਿੱਚ ਇੱਕ ਵਿਅਕਤੀ ਵੱਲੋਂ ਮਾਰੇ ਗਏ ਡਾਕੇ ਤੋਂ ਬਾਅਦ ਪੁਲਿਸ ਵੱਲੋਂ ਉਸ ਦੀ ਭਾਲ ਕੀਤੀ ਜਾ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਇਹ ਵਾਰਦਾਤ ਰਾਤੀਂ 9:00 ਵਜੇ ਸ਼ੁਰੂ ਹੋਈ ਜਦੋਂ ਇੱਕ ਵਿਅਕਤੀ ਯੰਗ ਸਟਰੀਟ ਤੇ ਫਰੰਟ ਸਟਰੀਟ ਇਲਾਕੇ ਵਿੱਚ ਸਥਿਤ ਇੱਕ ਫਾਸਟ ਫੂਡ ਰੈਸਟੋਰੈਂਟ ਵਿੱਚ ਦਾਖਲ ਹੋਇਆ ਤੇ ਉਸ ਨੇ ਹਥਿਆਰ ਵਿਖਾ ਕੇ ਸਟਾਫ ਤੋਂ ਭਾਰੀ ਰਕਮ ਲੁੱਟ ਲਈ। ਪਰ ਇਹ ਜਾਣਕਾਰੀ ਨਹੀਂ ਮਿਲ ਸਕੀ ਕਿ ਉਹ ਕਿੰਨੀ ਨਕਦੀ ਲੈ ਗਿਆ।

ਇਸ ਤੋਂ ਬਾਅਦ ਕੁਈਨ ਸਟਰੀਟ ਵੈਸਟ ਤੇ ਬੈਵਰਲੀ ਸਟਰੀਟ, ਡੰਡਸ ਸਟਰੀਟ ਵੈਸਟ ਤੇ ਮੈਨਿੰਗ ਐਵਨਿਊ ਤੇ ਬਾਥਰਸਟ ਸਟਰੀਟ ਉੱਤੇ ਵੀ ਸਵੇਰ ਦੇ 4:00 ਵਜੇ ਤੋਂ ਲੈ ਕੇ 5:00 ਵਜੇ ਦਰਮਿਆਨ ਇਸ ਤਰ੍ਹਾਂ ਦੇ ਤਿੰਨ ਹੋਰ ਡਾਕਿਆਂ ਦੀ ਜਾਣਕਾਰੀ ਪੁਲਿਸ ਨੂੰ ਦਿੱਤੀ ਗਈ। ਪੁਲਿਸ ਦਾ ਮੰਨਣਾ ਹੈ ਕਿ ਇਨ੍ਹਾਂ ਚਾਰੇ ਡਾਕਿਆਂ ਲਈ ਇੱਕੋ ਵਿਅਕਤੀ ਜ਼ਿੰਮੇਵਾਰ ਹੈ। ਇਸ ਦੌਰਾਨ ਕਿਸੇ ਵਿਅਕਤੀ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਪੁਲਿਸ ਹੁਣ 25 ਤੋਂ 30 ਸਾਲ ਦਰਮਿਆਨ ਗੋਰੇ ਵਿਅਕਤੀ ਦੀ ਭਾਲ ਕਰ ਰਹੀ ਹੈ, ਜਿਸ ਦਾ ਕੱਦ 5 ਫੁੱਟ 6 ਇੰਚ ਹੋ ਸਕਦਾ ਹੈ ਤੇ ਉਸ ਦੇ ਨਿੱਕੇ ਕਾਲੇ ਵਾਲ ਹਨ ਤੇ ਉਸ ਨੇ ਚਿੱਟੀ ਟੀ-ਸ਼ਰਟ ਤੇ ਆਫ-ਵ੍ਹਾਈਟ ਪੈਂਟ ਪਾਈ ਹੋਈ ਸੀ।

# ਅੱਧੇ ਨਾਲੋਂ ਵੱਧ ਕੈਨੇਡੀਅਨ ਮੁਸ਼ਕਲ ਨਾਲ ਕਰ ਰਹੇ ਹਨ ਜੂਨ ਗੁਜ਼ਾਰਾ : ਸਰਵੇਅ




ਓਟਵਾ, 26 ਜੂਨ (ਪੋਸਟ ਬਿਊਰੋ) : ਪਿਛਲੇ ਚਾਲੀ ਸਾਲਾਂ ਵਿੱਚ ਕੈਨੇਡਾ ਵਿੱਚ ਮਹਿੰਗਾਈ ਦੀ ਦਰ ਐਨੀ ਕਦੇ ਨਹੀਂ ਹੋਈ ਜਿੰਨੀ ਕਿ ਹੁਣ ਹੈ। ਅੱਧੇ ਤੋਂ ਵੱਧ ਕੈਨੇਡੀਅਨਜ਼ ਦਾ ਕਹਿਣਾ ਹੈ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਸਮੇਂ ਉਨ੍ਹਾਂ ਦੀ ਆਰਥਿਕ ਹਾਲਤ ਕਾਫੀ ਮਾੜੀ ਹੈ।

ਕਈ ਕੈਨੇਡੀਅਨਾਂ ਦਾ ਮੰਨਣਾ ਹੈ ਕਿ ਆਉਣ ਵਾਲੇ ਸਾਲ ਵਿੱਚ ਹਾਲਾਤ ਹੋਰ ਵੀ ਨਿੱਘਰ ਸਕਦੇ ਹਨ। ਕੈਨੇਡਾ ਦੇ ਕਿਸੇ ਇੱਕ ਪ੍ਰੋਵਿੰਸ ਦਾ ਇਹ ਹਾਲ ਨਹੀਂ ਹੈ ਸਗੋਂ ਇੱਕ ਤੱਟ ਤੋਂ ਲੈ ਕੇ ਦੂਜੇ ਤੱਟ ਤੱਕ ਸਾਰੇ ਪਾਸੇ ਇਹੋ ਹਾਲ ਹੈ। ਸਟੈਟੇਸਟਿਕਸ ਕੈਨੇਡਾ ਮੁਤਾਬਕ ਪਿਛਲੇ ਸਾਲ ਨਾਲੋਂ ਇਸ ਸਾਲ ਮਹਿੰਗਾਈ ਦੀ ਦਰ 7.7 ਫੀ ਸਦੀ ਹੈ।1983 ਤੋਂ ਲੈ ਕੇ ਹੁਣ ਤੱਕ ਮਹਿੰਗਾਈ ਦੀ ਦਰ ਐਨੀ ਕਦੇ ਵੀ ਨਹੀਂ ਰਹੀ। ਕੈਨੇਡੀਅਨਜ਼ ਦੇ ਵਿੱਤੀ ਪੱਖੋਂ ਕਮਜ਼ੋਰ ਹੋਣ ਦਾ ਸਿਲਸਿਲਾ ਪਿਛਲੇ ਕੁੱਝ ਸਾਲਾਂ ਤੋਂ ਚੱਲ ਰਿਹਾ ਹੈ। 2018 ਵਿੱਚ 29 ਫੀ ਸਦੀ ਕੈਨੇਡੀਅਨਜ਼ ਦਾ ਇਹ ਕਹਿਣਾ ਸੀ ਕਿ ਉਨ੍ਹਾਂ ਦੀ ਆਰਥਿਕ ਹਾਲਤ ਪਹਿਲਾਂ ਨਾਲੋਂ ਖਰਾਬ ਹੋਈ ਹੈ, 2020 ਦੀ ਪਹਿਲੀ ਤਿਮਾਹੀ ਵਿੱਚ 32 ਫੀ ਸਦੀ ਕੈਨੇਡੀਅਨ ਅਜਿਹਾ ਆਖਦੇ ਸੁਣੇ ਗਏ ਜਦਕਿ 2022 ਦੀ ਦੂਜੀ ਤਿਮਾਹੀ ਵਿੱਚ 45 ਫੀ ਸਦੀ ਇਹ ਆਖਦੇ ਸੁਣੇ ਜਾ ਸਕਦੇ ਹਨ ਕਿ ਉਨ੍ਹਾਂ ਦੀ ਆਰਥਿਕ ਹਾਲਤ ਪਹਿਲਾਂ ਦੇ ਮੁਕਾਬਲੇ ਕਮਜ਼ੋਰ ਪੈ ਚੁੱਕੀ ਹੈ।

ਇਸ ਸਮੇਂ ਸੱਭ ਤੋਂ ਵੱਧ ਗਿਣਤੀ ਵਿੱਚ ਕੈਨੇਡੀਅਨ ਇਹ ਆਖ ਰਹੇ ਹਨ ਕਿ ਉਨ੍ਹਾਂ ਦਾ ਜੂਨ ਗੁਜ਼ਾਰਾ ਹੋਣਾ ਵੀ ਮੁਸ਼ਕਲ ਹੋ ਗਿਆ ਹੈ। ਇਸੇ ਦੌਰਾਨ ਅਜਿਹਾ ਆਖਣ ਵਾਲੇ ਲੋਕਾਂ ਦੀ ਗਿਣਤੀ ਘੱਟ ਰਹੀ ਹੈ ਜਿਹੜੇ ਇਹ ਆਖਦੇ ਹਨ ਕਿ ਇਸ ਸਾਲ ਵੀ ਉਹ ਪਿਛਲੇ ਸਾਲ ਵਾਂਗ ਹੀ ਗੁਜ਼ਾਰਾ ਕਰ ਰਹੇ ਹਨ। 2018 ਵਿੱਚ ਅਜਿਹੇ ਲੋਕਾਂ ਦੀ ਗਿਣਤੀ 54 ਫੀ ਸਦੀ ਸੀ, 2020 ਵਿੱਚ ਅਜਿਹੇ ਲੋਕਾਂ ਦੀ ਗਿਣਤੀ 44 ਫੀ ਸਦੀ ਸੀ ਤੇ 2022 ਵਿੱਚ ਅਜਿਹੇ ਲੋਕਾਂ ਦੀ ਗਿਣਤੀ ਘੱਟ ਕੇ 36 ਫੀ ਸਦੀ ਰਹਿ ਗਈ। ਪਿਛਲੇ ਸਾਲ ਨਾਲੋਂ ਬਿਹਤਰ ਕਰਨ ਵਾਲਿਆਂ ਦੀ ਗਿਣਤੀ 2020 ਵਿੱਚ 23 ਫੀ ਸਦੀ ਸੀ ਤੇ ਹੁਣ ਇਹ 17 ਫੀ ਸਦੀ ਹੀ ਰਹਿ ਗਈ ਹੈ।

ਪੰਜ ਵਿੱਚੋਂ ਇੱਕ ਕੈਨੇਡੀਅਨ ਦਾ ਕਹਿਣਾ ਹੈ ਕਿ ਹੁਣ ਤੋਂ ਸਾਲ ਬਾਅਦ ਹਾਲਾਤ ਵਿੱਚ ਸੁਧਾਰ ਹੋ ਸਕਦਾ ਹੈ ਜਦਕਿ ਹਰ ਪੰਜ ਵਿੱਚੋਂ ਤਿੰਨ ਦਾ ਕਹਿਣਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਹਾਲਾਤ ਬਦ ਤੋਂ ਬਦਤਰ ਹੀ ਹੋਣ ਵਾਲੇ ਹਨ।




# ਹੈਰਾਨੀ ਵਾਲਾ ਖੁਲਾਸਾ: ਪ੍ਰਿੰਸ ਚਾਰਲਸ ਨੇ ਕਤਰ ਦੇ ਸ਼ੇਖ ਤੋਂ ਨੋਟਾਂ ਦੇ ਭਰੇ ਬੈਗ ਪ੍ਰਵਾਨ ਕੀਤੇ



ਲੰਡਨ, 26 ਜੂਨ, (ਪੋਸਟ ਬਿਊਰੋ)- ਪ੍ਰਿੰਸ ਆਫ ਵੇਲਜ਼ ਨੇ 2011-15 ਦੌਰਾਨ ਕਤਰ ਦੇ ਵਿਵਾਦਤ ਸਿਆਸਤਦਾਨ ਤੋਂ ਇੱਕਸੂਟਕੇਸ ਵਿੱਚ 1 ਮਿਲੀਅਨ ਯੂਰੋ (ਕਰੀਬ 8 ਕਰੋੜ ਰੁਪਏ) ਪ੍ਰਵਾਨ ਕੀਤੇ ਸਨ।

ਸੰਡੇ ਟਾਈਮਜ਼ ਦੀ ਰਿਪੋਰਟ ਦੇ ਅਨੁਸਾਰ ਪ੍ਰਿੰਸ ਚਾਰਲਸ ਨੇ ਨਿੱਜੀ ਤੌਰ ਉੱਤੇ ਕਤਰ ਦੇ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਮਦ ਬਿਨ ਜਾਸਿਮ ਬਿਨ ਜਾਬੇਰ ਅਲ ਥਾਨੀ ਉਰਫ 'ਐਚਬੀਜੇ' ਤੋਂ ਨਿੱਜੀ ਤੌਰ ਉੱਤੇ 2011 ਤੋਂ 2015 ਦੌਰਾਨ ਤਿੰਨ ਵਾਰ ਕੁੱਲ ਮਿਲਾ ਕੇ 3 ਮਿਲੀਅਨ ਯੂਰੋ ਪ੍ਰਵਾਨ ਕੀਤੇ ਸਨ।ਪ੍ਰਿੰਸ ਚਾਰਲਸ ਨੂੰ ਇੱਕ ਮੌਕੇ ਇੱਕਸੂਟਕੇਸ ਨਕਦੀਦਿੱਤੀ ਗਈ। ਦਿ ਗਾਰਡੀਅਨ ਅਨੁਸਾਰ ਸੂਟਕੇਸ ਉਨ੍ਹਾਂ ਦੇ ਦੋ ਸਲਾਹਕਾਰਾਂ ਨੂੰ ਦਿੱਤਾ ਗਿਆ, ਜਿਨ੍ਹਾਂ ਬਾਰੇ ਮੰਨਿਆ ਜਾਂਦਾ ਹੈ ਕਿ ਉਹ ਪੈਸੇ ਗਿਣ ਚੁੱਕੇ ਸਨ। ਪੈਲੇਸ ਦੇ ਸਹਾਇਕਾਂ ਨੇ ਸ਼ਾਹੀ ਪਰਿਵਾਰ ਲਈ ਕੰਮ ਕਰਦੇ ਨਿੱਜੀ ਬੈਂਕਾਂ ਨੂੰ ਨਕਦੀ ਇਕੱਠੀ ਕਰਨ ਲਈ ਕਿਹਾ ਸੀ। ਸਾਲ 2015 ਵਿੱਚ ਲੇਰੈਂਸ ਹਾਊਸ ਵਿੱਚ ਦੋ ਜਣਿਆਂ ਵਿਚਕਾਰ ਇੱਕ ਨਿੱਜੀ ਆਹਮੋ-ਸਾਹਮਣੀ ਮੀਟਿੰਗ ਵਿੱਚ ਇਸ ਰਾਸ਼ੀ ਨੂੰ ਟਰਾਂਸਫਰ ਕੀਤਾ ਗਿਆ। ਕਲੇਰੈਂਸ ਹਾਊਸ ਦੇ ਬੁਲਾਰੇ ਨੇ ਕਿਹਾ ਕਿ ਇਹ ਰਾਸ਼ੀ 2015 ਦੀ ਮੀਟਿੰਗ ਦੌਰਾਨ ਦਾਨ ਵਜੋਂ ਅਦਾ ਕੀਤੀ ਗਈ ਸੀ। ਸ਼ਾਹੀ ਪਰਿਵਾਰ ਦੇ ਦੋ ਸਲਾਹਕਾਰਾਂ ਨੇ ਨਕਦੀ ਗਿਣੀ ਸੀ। ਕਿਹਾ ਜਾਂਦਾ ਹੈ ਕਿ ਇਹ ਰਕਮ ਬੰਦ ਹੋਏ 500 ਯੂਰੋ ਦੇ ਨੋਟਾਂ ਵਿੱਚ ਸੀ।ਸੂਤਰਾਂ ਮੁਤਾਬਕ ਪ੍ਰਾਈਵੇਟ ਬੈਂਕ ਕਾਊਟਸ ਨੂੰ ਪੈਲੇਸ ਦੇ ਸਹਿਯੋਗੀਆਂ ਦੀ ਬੇਨਤੀ ਉੱਤੇ ਚਾਰਲਸ ਦੇ ਲੰਡਨ ਵਾਲੇ ਘਰੋਂ ਸੂਟਕੇਸ ਲਿਆ ਸੀ। ਇਹ ਰਕਮ ਪ੍ਰਿੰਸ ਆਫ ਵੇਲਜ਼ ਦੇ ਚੈਰੀਟੇਬਲ ਫੰਡ ਵਿੱਚ ਜਮ੍ਹਾਂ ਕਰਾਈ ਗਈ ਸੀ। ਇਹ ਇੱਕ ਘੱਟ-ਪ੍ਰੋਫਾਈਲ ਸੰਸਥਾ ਹੈ, ਜੋ ਸਕਾਟਲੈਂਡ ਵਿੱਚ ਪ੍ਰਿੰਸ ਦੇ ਪੇਟ ਪ੍ਰੋਜੈਕਟ ਅਤੇ ਦੇਸ਼ ਵਿੱਚ ਉਸਦੀ ਜਾਇਦਾਦ ਨੂੰ ਕੰਟਰੋਲ ਕਰਦੀ ਹੈ।

ਰੋਇਲ ਗਿਫਟ ਪਾਲਿਸੀ ਅਧੀਨ ਸ਼ਾਹੀ ਪਰਿਵਾਰ ਦੇ ਮੈਂਬਰ ਤੋਹਫ਼ੇ ਵਜੋਂ ਪੈਸੇ ਨਹੀਂ ਲੈ ਸਕਦੇ। ਉਹ ਚੈਰਿਟੀ ਦੇ ਨਿਗਰਾਨ ਵਜੋਂ ਜਾਂ ਉਸ ਦੀ ਤਰਫ਼ੋਂ ਚੈੱਕ ਪ੍ਰਵਾਨ ਕਰ ਸਕਦੇ ਹਨ। ਪ੍ਰਿੰਸ ਚਾਰਲਸ ਦੀ ਸ਼ੇਖ ਨਾਲ ਬੈਠਕ ਨੂੰ ਅਦਾਲਤੀ ਸਰਕੂਲਰ, ਸ਼ਾਹੀ ਪਰਿਵਾਰ ਦੇ ਅਧਿਕਾਰਤ ਕੰਮਾਂ ਦੀ ਸੂਚੀ ਵਿੱਚ ਸ਼ਾਮਲ ਨਹੀਂ ਕੀਤਾ ਗਿਆ। ਰਿਪੋਰਟ ਦੇ ਦਾਅਵੇ ਨਾਲ ਪ੍ਰਿੰਸ ਚਾਰਲਸ ਦੀ ਨਿਰਪੱਖਤਾ ਉੱਤੇ ਕਈ ਸਵਾਲ ਖੜੇ ਹੋ ਗਏ ਹਨ। ਪ੍ਰਿੰਸ ਚਾਰਲਸ ਨੇ ਪੈਸਾ ਲੈਣ ਪਿੱਛੋਂ ਕਈ ਵਾਰ ਕਤਰ ਦਾ ਦੌਰਾ ਕੀਤਾ ਸੀ। ਸੰਡੇ ਟਾਈਮਜ਼ ਦੀ ਰਿਪੋਰਟ ਹੈ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਪ੍ਰਿੰਸ ਆਫ ਵੇਲਜ਼ ਚੈਰੀਟੇਬਲ ਫੰਡ ਦੇ ਬੈਂਕ ਖਾਤਿਆਂ ਵਿੱਚ ਜਮ੍ਹਾ ਕੀਤੇ ਗਏ ਭੁਗਤਾਨ ਗੈਰ-ਕਾਨੂੰਨੀ ਸਨ।

# ਮਹਾਨ ਯੋਧੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ 306ਵਾਂ ਸ਼ਹੀਦੀ ਦਿਹਾੜਾ

## ਰਿਸ਼ਤਿਆਂ 'ਚ ਆ ਰਿਹਾ ਨਿਘਾਰ ਵਿਸ਼ੇ 'ਤੇ ਹੋਇਆ ਸੈਮੀਨਾਰ





ਮੁੱਲਾਂਪੁਰ ਦਾਖਾ, 26 ਜੂਨ (ਗਿਆਨ ਸਿੰਘ)- ਅੱਜ ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਵਿਖੇ ਮਹਾਨ ਯੋਧੇ ਜਰਨੈਲ, ਕਿਸਾਨੀ ਦੇ ਮੁਕਤੀਦਾਤਾ, ਸ਼੍ਰੋਮਣੀ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ 306ਵਾਂ ਸ਼ਹੀਦੀ ਦਿਹਾੜਾ ਕ੍ਰਿਸ਼ਨ ਕੁਮਾਰ ਬਾਵਾ ਪ੍ਰਧਾਨ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੀ ਸਰਪ੍ਰਸਤੀ ਹੇਠ ਮਨਾਇਆ ਗਿਆ। ਇਸ ਸਮੇਂ ਨਿਰਮਲ ਆਸ਼ਰਮ ਵੱਡਾ ਡੇਰਾ ਦੌਧਰ ਤੋਂ ਨੇਤਰਹੀਣ ਸੰਗੀਤ ਵਿਦਿਆਲਿਯਾ ਦੇ ਮੁੱਖ ਸੇਵਾਦਾਰ ਬਾਬਾ ਦੀਪਕ ਸਿੰਘ, ਉੱਘੇ ਲੇਖਕ ਅਤੇ ਨੈਸ਼ਨਲ ਐਵਾਰਡੀ ਅਮਰੀਕ ਸਿੰਘ ਤਲਵੰਡੀ ਮੁੱਖ ਤੌਰ 'ਤੇ ਹਾਜਰ ਹੋਏ ਜਿਹਨਾਂ ਨੂੰ ਪ੍ਰਧਾਨ ਬਾਵਾ, ਮੁੱਖ ਸਪ੍ਰਸਤ ਮਲਕੀਤ ਸਿੰਘ ਦਾਖਾ, ਬਲਜਿੰਦਰ ਸਿੰਘ ਮਲਕਪੁਰ ਜਨਰਲ ਸਕੱਤਰ, ਸੂਬਾ ਪ੍ਰਧਾਨ ਕਰਨੈਲ ਸਿੰਘ ਗਿੱਲ, ਉਮਰਾਓ ਸਿੰਘ ਪ੍ਰਧਾਨ ਫਾਊਂਡੇਸ਼ਨ ਹਰਿਆਣਾ ਵੱਲੋਂ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।

ਇਸ ਸਮੇਂ ਬਾਬਾ ਦੀਪਕ ਸਿੰਘ ਜੀ ਨੇ ਕਿਹਾ ਕਿ ਲੋੜ ਹੈ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਣ ਵਾਲੇ ਮਹਾਨ ਯੋਧੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਦੂਰ ਅੰਦੇਸ਼ ਸੋਚ ਨੂੰ ਹਿਰਦੇ ਅੰਦਰ ਧਾਰਨ ਕਰਕੇ ਹਲੀਮੀ ਰਾਜ ਕਾਇਮ ਕੀਤਾ ਜਾਵੇ ਜਿਸ ਵਿਚ ਸਮਾਜਿਕ ਬਰਾਬਰਤਾ ਦਿਖਾਈ ਦੇਵੇ। ਉਚ-ਨੀਚ ਦਾ ਕੋਈ ਸਥਾਨ ਨਾ ਹੋਵੇ। ਜ਼ਾਲਮ ਅਤੇ ਭ੍ਰਿਸ਼ਟ ਲੋਕਾਂ ਦਾ ਸਫਾਇਆ ਹੋਵੇ। ਉਹਨਾਂ ਕਿਹਾ ਕਿ ਇਹ ਹੀ ਮਹਾਨ ਯੋਧੇ ਜਰਨੈਲ ਨੂੰ ਸੱਚੀ ਸ਼ਰਧਾਜਲੀ ਹੋਵੇਗੀ। ਉਹਨਾਂ ਕਿਹਾ ਕਿ ਇੱਕ ਇੱਕ ਕਰਕੇ ਅੰਗ ਕਟਵਾਉਣ ਵਾਲਾ, ਆਪਣੇ ਚਾਰ ਸਾਲ ਦੇ ਬੱਚੇ ਅਜੈ ਸਿੰਘ ਦਾ ਕਲੇਜਾ ਆਪਣੇ ਮੂੰਹ ਵਿਚ ਪਵਾਉਣ ਵਾਲਾ ਮਹਾਨ ਯੋਧਾ, ਸਮੁੱਚੀ ਮਾਨਵਤਾ ਦੀ ਮੁਗਲ ਸਾਮਰਾਜ ਖਿਲਾਫ ਲੜਾਈ ਲੜਦਾ ਸ਼ਹੀਦ ਹੋਇਆ। 740 ਸਿੰਘਾਂ ਦੀ 100-100 ਕਰਕੇ ਰੋਜਾਨਾ ਸ਼ਹੀਦੀ ਹੁੰਦੀ ਰਹੀ। ਉਸ ਵੱਡਮੁੱਲੀ ਸ਼ਹਾਦਤ ਲਈ ਅੱਜ ਦਾ ਸਮਾਜ ਸਮਝੇ, ਵਿਚਾਰੇ ਅਤੇ ਗੁਰੂਆਂ ਸ਼ਹੀਦਾਂ ਦੇ ਦਿਖਾਈ ਰਸਤੇ 'ਤੇ ਚੱਲਕੇ ਨਰੋਏ ਸਮਾਜ ਦੀ ਸਿਰਜਣਾ ਕਰੇ।

ਇਸ ਸਮੇਂ ਅਮਰੀਕ ਸਿੰਘ ਤਲਵੰਡੀ ਨੇ ਸੰਖੇਪ ਸ਼ਬਦਾਂ 'ਚ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਰਿਸ਼ਤਿਆਂ 'ਚ ਆ ਰਿਹਾ ਨਿਘਾਰ ਅੱਜ ਦੇ ਸਮਾਜ ਲਈ ਬਹੁਤ ਵੱਡਾ ਦੁਖਾਂਤ ਹੈ। ਅੱਜ ਲੋਕ ਇੱਕ ਦੂਜੇ ਤੋਂ ਅੱਗੇ ਨਿਕਲਣ ਅਤੇ ਹੀਣਭਾਵਨਾ ਨਾਲ ਨੀਵਾਂ ਦਿਖਾਉਣ ਨੂੰ ਪਹਿਲ ਦਿੰਦੇ ਹਨ ਜੋ ਆਉਣ ਵਾਲੀ ਪੀੜੀ ਲਈ ਬਹੁਤ ਘਾਤਕ ਸਿੱਧ ਹੋ ਸਕਦਾ ਹੈ ਜਿਸ ਤੋਂ ਉਭਰਨ ਲਈ ਸਰਕਾਰਾਂ, ਗਰਾਮ ਪੰਚਾਇਤਾਂ, ਸਮਾਜਸੇਵੀ ਸੰਸਥਾਵਾਂ ਅਤੇ ਬੁੱਧੀਜੀਵੀ ਲੋਕ ਇਹਨਾਂ ਮਨਾਮੋਹੀ ਰਿਸ਼ਤਿਆਂ ਦੀਆਂ ਤੰਦਾਂ ਨੂੰ ਮਜਬੂਤ ਕਰਨ ਲਈ ਅਹਿਮ ਰੋਲ ਅਦਾ ਕਰਨ।

ਇਸ ਸਮੇਂ ਬਾਬਾ ਦੀਪਕ ਸਿੰਘ ਜੀ, ਸ. ਅਮਰੀਕ ਸਿੰਘ ਤਲਵੰਡੀ, ਅਭਿਮੰਨਿਯੂ ਬਾਵਾ ਨਿਊਜੀਲੈਂਡ, ਮੰਗਲੇਸ਼ ਕੌਰ ਯੂ.ਐੱਸ.ਏ., ਟੋਨੀ ਗਰੇਵਾਲ ਅਤੇ ਕਮਿੱਕਰ ਸਿੰਘ ਜੰਡੀ ਯੂ.ਐੱਸ.ਏ. ਵੱਲੋਂ ਉਹਨਾਂ ਦੀ ਮਾਤਾ ਨਾਹਰ ਕੌਰ ਜੰਡੀ ਅਤੇ ਸਮਾਜਸੇਵੀ ਸ. ਅਰਜੁਨ ਸਿੰਘ ਗਰੇਵਾਲ ਦੀ ਯਾਦ 'ਚ ਫਲਦਾਰ ਅਤੇ ਛਾਂਦਾਰ ਬੂਟੇ ਵੀ ਲਗਾਏ ਗਏ। ਇਸ ਸਮੇਂ ਭਗਵਾਨ ਦਾਸ ਬਾਵਾ, ਐਡਵੋਕੇਟ ਪ੍ਰਭਜੀਤ ਸਿੰਘ, ਐੱਸ.ਕੇ. ਗੁਪਤਾ, ਕੁਲਵਿੰਦਰ ਸਿੰਘ, ਡਾ. ਸੁਖਵੀਰ ਸਿੰਘ ਗਿੱਲ, ਇੰਦਰਜੀਤ ਸਿੰਘ, ਮੰਗਲੇਸ਼ ਕੌਰ, ਬਲਜਿੰਦਰ ਕੌਰ, ਮਨਜੀਤ ਸਿੰਘ, ਗੁਰਮੇਲ ਸਿੰਘ ਕੈਲੇ, ਸਾਜਨ ਮਲਹੋਤਰਾ, ਕਰਤਿੰਦਰਪਾਲ ਸਿੰਘ ਸਿੰਘਪੁਰਾ ਆਦਿ ਹਾਜਰ ਸਨ।

# ਨਸ਼ਾ ਕਰਕੇ ਹਾਦਸੇ ਨੂੰ ਅੰਜਾਮ ਦੇਣ ਵਾਲੇ ਬੱਸ ਡਰਾਈਵਰ ਨੂੰ ਕੀਤਾ ਗਿਆ ਚਾਰਜ



ਬਰੈਂਪਟਨ, 26 ਜੂਨ (ਪੋਸਟ ਬਿਊਰੋ) : ਬਰੈਂਪਟਨ ਵਿੱਚ ਦੋ ਗੱਡੀਆ ਦੀ ਟੱਕਰ ਤੋਂ ਬਾਅਦ 61 ਸਾਲਾ ਬੱਸ ਡਰਾਈਵਰ ਨੂੰ ਨਸ਼ਾ ਕਰ ਕੇ ਗੱਡੀ ਚਲਾਉਣ ਦੇ ਮਾਮਲੇ ਵਿੱਚ ਚਾਰਜ ਕੀਤਾ ਗਿਆ ਹੈ।

ਪੀਲ ਪੁਲਿਸ ਨੇ ਆਖਿਆ ਕਿ ਵੀਰਵਾਰ ਨੂੰ ਰਾਤੀਂ 7:00 ਵਜੇ ਦੇ ਨੇੜੇ ਤੇੜੇ ਪੀਲ ਪੁਲਿਸ ਨੂੰ ਹਾਈਵੇਅ 50 ਨੇੜੇ ਕੰਟਰੀਸਾਈਡ ਡਰਾਈਵ ਉੱਤੇ ਇੱਕ ਬੱਸ ਵੱਲੋਂ ਕਿਸੇ ਗੱਡੀ ਨੂੰ ਪਿੱਛਿਓਂ ਟੱਕਰ ਮਾਰਨ ਦੀ ਜਾਣਕਾਰੀ ਮਿਲੀ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਬੱਸ ਦੇ ਡਰਾਈਵਰ ਨੇ ਕਾਨੂੰਨ ਹੱਦ ਨਾਲੋਂ ਦੁੱਗਣਾ ਵੱਧ ਨਸ਼ਾ ਕੀਤਾ ਹੋਇਆ ਸੀ।

ਹਾਦਸੇ ਸਮੇਂ ਬੱਸ ਵਿੱਚ 40 ਵਿਦਿਆਰਥੀ ਤੇ ਦੋ ਅਧਿਆਪਕ ਸਵਾਰ ਸਨ। ਪੁਲਿਸ ਨੇ ਦੱਸਿਆ ਕਿ ਕਿਸੇ ਨੂੰ ਵੀ ਕਿਸੇ ਤਰ੍ਹਾਂ ਦੀ ਸ਼ਰੀਰਕ ਸੱਟ ਨਹੀਂ ਲੱਗੀ। ਬਰੈਂਪਟਨ ਦੀ ਇੱਕ ਅਣਪਛਾਤੀ ਮਹਿਲਾ ਨੂੰ ਵੀ ਨਸ਼ੇ ਵਿੱਚ ਗੱਡੀ ਚਲਾਉਣ ਲਈ ਚਾਰਜ ਕੀਤਾ ਗਿਆ ਹੈ। ਉਸ ਨੇ 80 ਮਿਲੀਗ੍ਰਾਮ ਤੋਂ ਵੱਧ ਸ਼ਰਾਬ ਪੀਤੀ ਹੋਈ ਸੀ।

# ਪੌਲੀਏਵਰ ਤੋਂ ਵਿਰੋਧੀ ਧਿਰਾਂ ਮੰਗ ਰਹੀਆਂ ਹਨ ਮੈਂਬਰਸ਼ਿਪ ਦੇ ਸਹੀ ਅੰਕੜਿਆਂ ਦੀ ਜਾਣਕਾਰੀ



ਓਟਵਾ, 26 ਜੂਨ (ਪੋਸਟ ਬਿਊਰੋ) : ਕੰਜ਼ਰਵੇਟਿਵ ਲੀਡਰਸ਼ਿਪ ਦੌੜ ਦੇ ਮੁੱਖ ਦਾਅਵੇਦਾਰ ਮੰਨੇ ਜਾ ਰਹੇ ਉਮੀਦਵਾਰ ਪਿਏਰ ਪੌਲੀਏਵਰ ਵੱਲੋਂ 312,000 ਮੈਂਬਰ ਬਣਾਉਣ ਦੇ ਕੀਤੇ ਜਾ ਰਹੇ ਦਾਅਵੇ ਨੂੰ ਦੋ ਹੋਰ ਫੈਡਰਲ ਕੰਜ਼ਰਵੇਟਿਵ ਉਮੀਦਵਾਰਾਂ ਵੱਲੋਂ ਸ਼ੱਕੀ ਦੱਸਿਆ ਜਾ ਰਿਹਾ ਹੈ। ਇੱਕ ਉਮੀਦਵਾਰ ਵੱਲੋਂ ਤਾਂ ਪੌਲੀਏਵਰ ਦੀ ਇਸ ਗੁੰਮਰਾਹਕੁੰਨ ਈਮੇਲ ਦੀ ਜਾਂਚ ਕਰਵਾਉਣ ਦੀ ਵੀ ਮੰਗ ਕੀਤੀ ਗਈ ਹੈ।

ਵੀਰਵਾਰ ਨੂੰ ਪੈਟ੍ਰਿਕ ਬ੍ਰਾਊਨ ਦੀ ਟੀਮ ਵੱਲੋਂ ਇਹ ਸ਼ਿਕਾਇਤ ਕੀਤੀ ਗਈ ਕਿ ਪੌਲੀਏਵਰ ਦੀ ਕੈਂਪੇਨ ਵੱਲੋਂ ਅਜਿਹੀ ਬਿਆਨਬਾਜ਼ੀ ਕਰਕੇ ਭੰਬਲਭੂਸੇ ਵਾਲੀ ਸਥਿਤੀ ਪੈਦਾ ਕੀਤੀ ਗਈ ਹੈ ਤੇ ਉਨ੍ਹਾਂ ਦੇ ਮੈਂਬਰਾਂ ਵਿੱਚ ਡਰ ਦਾ ਮਾਹੌਲ ਵੀ ਹੈ। ਇੱਕ ਪੱਤਰ ਵਿੱਚ ਬ੍ਰਾਊਨ ਦੀ ਨੈਸ਼ਨਲ ਕੈਂਪੇਨ ਦੇ ਕੋ-ਚੇਅਰ ਜੌਹਨ ਰੇਅਨੌਲਡਜ਼ ਨੇ ਆਖਿਆ ਕਿ ਈਮੇਲਜ਼ ਵਿੱਚ ਕੀਤੀ ਗਈ ਸੰਭਾਵੀ ਘਪਲੇਬਾਜ਼ੀ ਦੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਹੋ ਸਕਦਾ ਹੈ ਕਿ ਸੈਂਕੜੇ ਸਮਰਥਕ ਇਸ ਲਈ ਹੀ ਦੂਜੀ ਮੈਂਬਰਸ਼ਿਪ ਖਰੀਦੀ ਜਾ ਰਹੇ ਹੋਣ ਕਿ ਸ਼ਾਇਦ ਉਨ੍ਹਾਂ ਦੀ ਪਹਿਲੀ ਖਰੀਦੀ ਮੈਂਬਰਸ਼ਿਪ ਕੰਮ ਨਾ ਕਰੇ।

ਉਨ੍ਹਾਂ ਲਿਖਿਆ ਕਿ ਸਾਡੀ ਕੈਂਪੇਨ ਨੂੰ ਵੱਡੀ ਗਿਣਤੀ ਵਿੱਚ ਸ਼ਿਕਾਇਤਾਂ ਮਿਲੀਆਂ ਹਨ ਕਿ ਉਹ ਪਹਿਲਾਂ ਹੀ ਮੈਂਬਰਸ਼ਿਪ ਖਰੀਦ ਚੁੱਕੇ ਹਨ ਪਰ ਰਸਮੀ ਤੌਰ ਉੱਤੇ ਭੇਜੀ ਗਈ ਚੇਤਾਵਨੀ ਵਰਗੀ ਈਮੇਲ ਕਾਰਨ ਉਹ ਮੁੜ ਮੈਂਬਰਸ਼ਿਪ ਖਰੀਦਣ ਲਈ ਮਜਬੂਰ ਹਨ।ਗੁੰਮਰਾਹ ਹੋਣ ਕਾਰਨ ਮੈਂਬਰਾਂ ਵਿੱਚ ਰੋਸ ਵੀ ਪਾਇਆ ਜਾ ਰਿਹਾ ਹੈ। ਇਸੇ ਦੌਰਾਨ ਜੀਨ ਚਾਰੈਸਟ ਦੀ ਟੀਮ ਵੱਲੋਂ ਵੀ ਸ਼ਿਕਾਇਤੀ ਕੀਤੀ ਗਈ ਤੇ ਉਨ੍ਹਾਂ ਪੌਲੀਏਵਰ ਦੀ ਟੀਮ ਕੋਲੋਂ ਅੰਤਰਿਮ ਮੈਂਬਰਸ਼ਿਪ ਦੇ ਸਹੀ ਅੰਕੜੇ ਜਾਰੀ ਕਰਨ ਦੀ ਮੰਗ ਵੀ ਕੀਤੀ।

# ਭ੍ਰਿਸ਼ਟਾਚਾਰ ਦਾ ਖਾਤਮਾ ਕਰਨ ਦੀਆਂ ਗੱਲਾਂ ਚੰਗੀਆਂ, ਪਰ ਕੀਤਾ ਜਾਣਾ ਏਨਾ ਸੌਖਾ ਨਹੀਂ





ਜਤਿੰਦਰ ਪੰਨੂ

ਭ੍ਰਿਸ਼ਟਾਚਾਰ ਨੂੰ ਜੜ੍ਹ ਤੋਂ ਖਤਮ ਕਰਨ ਦਾ ਮੁੱਦਾ ਇਸ ਵਕਤ ਪੰਜਾਬ ਵਿੱਚ ਭਖਿਆ ਪਿਆ ਹੈ। ਇਸ ਕਾਰਨ ਸਾਰੇ ਭਾਰਤ ਦੇ ਲੋਕ ਵਾਲ-ਵਾਲ ਦੁਖੀ ਹਨ ਅਤੇ ਇਸ ਆਸ ਨਾਲ ਹਰ ਨਵੀਂ ਸਰਕਾਰ ਵੱਲ ਵੇਖਦੇ ਹਨ ਕਿ ਸ਼ਾਇਦ ਇਹ ਹੀ ਇਸ ਤੋਂ ਖਹਿੜਾ ਛੁਡਾ ਦੇਵੇਗੀ। ਅੱਜਕੱਲ੍ਹ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਭਗਵੰਤ ਮਾਨ ਦੀ ਸਰਕਾਰ ਹੈ ਅਤੇ ਉਹ ਦਾਅਵਾ ਕਰਦਾ ਹੈ ਕਿ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਖਤਮ ਕਰਨ ਤੱਕ ਜਾਵੇਗਾ। ਉਸ ਦੀ ਇੱਕ ਪੁਰਾਣੀ ਕੈਸੇਟ ਕੁਝ ਲੋਕਾਂ ਕੋਲ ਪਈ ਹੈ, ਜਿਨ੍ਹਾਂ ਵਿੱਚੋਂ ਇੱਕ ਅਸੀਂ ਵੀ ਹਾਂ। ਸੀ ਡੀਜ਼ ਦਾ ਜ਼ਮਾਨਾ ਸ਼ੁਰੂ ਹੋਣ ਤੋਂ ਪਹਿਲਾਂ ਵਾਲੀ ਉਸ ਕੈਸੇਟ ਵਿੱਚ ਭਗਵੰਤ ਮਾਨ ਖੁਦ ਕਹਿੰਦਾ ਹੈ ਕਿ ਧਰਮਰਾਜ ਨੇ ਕਿਹਾ ਸੀ ਕਿ ਬਾਕੀ ਸਭ ਦੇਸ਼ਾਂ ਵਿੱਚ ਭ੍ਰਿਸ਼ਟਾਚਾਰ ਖਤਮ ਕਰਨ ਲਈ ਐਨੇ-ਐਨੇ ਸਾਲ ਲੱਗਣਗੇ, ਪਰ ਭਾਰਤ ਦਾਭ੍ਰਿਸ਼ਟਾਚਾਰ ਮੇਰੇ ਜਿਉਂਦੇ ਜੀਅ ਵੀ ਨਹੀਂ ਹਟਣਾ। ਜਿਸ ਭਾਰਤ ਬਾਰੇ ਭਗਵੰਤ ਮਾਨ ਨੇ ਇਹ ਗੱਲ ਕਈ ਸਾਲ ਪਹਿਲਾਂ ਕਹੀ, ਉਸੇ ਭਾਰਤ ਦੇ ਇੱਕ ਰਾਜ ਪੰਜਾਬ ਦਾ ਮੁੱਖ ਮੰਤਰੀ ਬਣ ਕੇ ਉਹ ਭ੍ਰਿਸ਼ਟਾਚਾਰ ਖਤਮ ਕਰਨ ਦਾ ਦਾਅਵਾ ਕਰੀ ਜਾਂਦਾ ਹੈ, ਜਿਸ ਦੀ ਸਫਲਤਾਦੀ ਕਾਮਨਾ ਹੀ ਕੀਤੀ ਜਾ ਸਕਦੀ ਹੈ। ਪੰਜਾਬ ਦਾ ਕੌਣ ਵਿਅਕਤੀ ਹੋਵੇਗਾ, ਜਿਹੜਾ ਭ੍ਰਿਸ਼ਟਾਚਾਰ ਤੋਂ ਖਹਿੜਾ ਛੁੱਟਿਆ ਨਹੀਂ ਚਾਹੁੰਦਾ, ਪਰ ਹਕੀਕਤਾਂ ਕਹਿ ਰਹੀਆਂ ਹਨ ਕਿ ਢਾਂਚਾ ਏਨਾ ਵਿਗੜ ਚੁੱਕਾ ਹੈ ਕਿ ਇਸ ਨੂੰ ਜੇ ਕੋਈ ਸਿੱਧੀ ਲੀਹ ਉੱਤੇ ਪਾਉਣਾ ਚਾਹੇ ਤਾਂ ਉਸ ਆਗੂ ਨੂੰ ਇਹ ਢਾਂਚਾ ਆਪਣੀ ਲੀਹੇ ਪਾਉਣ ਦੀਆਂ ਤਿਕੜਮਾਂ ਲੜਾਉਣ ਲੱਗ ਜਾਂਦਾ ਹੈ ਤੇ ਬਹੁਤੀ ਵਾਰੀ ਕਾਮਯਾਬ ਹੋ ਜਾਂਦਾ ਹੈ।

ਪੰਜਾਬ ਦੇ ਲੋਕਾਂ ਨੇ ਗੱਪਾਂ ਬਹੁਤ ਸੁਣੀਆਂ ਹੋਣ ਕਰ ਕੇ ਜਦੋਂ ਉਨ੍ਹਾਂ ਦਾ ਚੁਣਿਆ ਨਵਾਂ ਮੁੱਖ ਮੰਤਰੀ ਇਹ ਕਹਿੰਦਾ ਹੈ ਕਿ ਭ੍ਰਿਸ਼ਟਾਚਾਰ ਹਟਾ ਦੇਵਾਂਗਾ ਤਾਂ ਉਹ ਹੱਸ ਪੈਂਦੇ ਹਨ ਕਿ ਇਹੀ ਗੱਲ ਪ੍ਰਕਾਸ਼ ਸਿੰਘ ਬਾਦਲ ਨੇ ਪੰਝੀ ਸਾਲ ਪਹਿਲਾਂ ਅਤੇ ਕੈਪਟਨ ਅਮਰਿੰਦਰ ਸਿੰਘ ਨੇ ਵੀਹ ਸਾਲ ਪਹਿਲਾਂ ਕਹੀ ਸੀ ਅਤੇ ਅਸੀਂ ਯਕੀਨ ਕਰ ਬੈਠੇ ਸਾਂ। ਲੋਕਾਂ ਦਾ ਉਸ ਵੇਲੇ ਕੀਤਾ ਗਿਆ ਯਕੀਨ ਜਿਸ ਤਰ੍ਹਾਂ ਬਾਅਦ ਵਿੱਚ ਟੁੱਟਦਾ ਵੇਖਿਆ ਗਿਆ, ਉਸ ਤੋਂ ਬਾਅਦ ਉਹ ਆਸ ਨਾਲ ਵੋਟਾਂ ਪਾ ਚੁੱਕੇ ਹਨ, ਪਰ ਅਜੇ ਵੀ ਉਨ੍ਹਾਂ ਦਾ ਯਕੀਨ ਨਹੀਂ ਬੱਝਦਾ ਕਿ ਏਦਾਂ ਹੋ ਸਕਦਾ ਹੈ। ਹਿੰਦੀ ਦੇ ਵਿਅੰਗਕਾਰ ਸੁਰਿੰਦਰ ਸ਼ਰਮਾ ਨੇ ਇੱਕ ਵਾਰ ਲਿਖਿਆ ਸੀ ਕਿ ਕੁਰੱਪਸ਼ਨ ਵੀ ਕੁਰੱਪਟ ਹੋ ਗਈ ਹੈ ਤਾਂ ਕਿਸੇ ਨੇ ਜਦੋਂ ਇਸ ਦੀ ਵਿਆਖਿਆ ਮੰਗੀ ਤਾਂ ਉਸ ਨੇ ਕਿਹਾ ਸੀ ਕਿ ਕੀੜੇ ਮਾਰਨ ਦੀ ਦਵਾਈ ਲਿਆਂਦੀ ਸੀ, ਉਸ ਵਿੱਚ ਵੀ ਕੀੜੇ ਪੈ ਗਏ ਹਨ। ਪੰਜਾਬ ਵਿੱਚ ਕੀੜੇ ਮਾਰਨ ਦੀ ਦਵਾਈ ਵਰਗੇ ਜਿਹੜੇ ਵਿਭਾਗ ਭ੍ਰਿਸ਼ਟਾਚਾਰ ਰੋਕਣ ਲਈ ਬਣਾਏ ਤੇ ਜਿਨ੍ਹਾਂ ਤੋਂ ਇਹ ਕੰਮ ਕਰਨ ਦੀ ਆਸ ਕੀਤੀ ਜਾ ਰਹੀ ਸੀ, ਉਨ੍ਹਾਂ ਦੇ ਅਫਸਰਾਂ ਉੱਤੇ ਵੀ ਏਹੋ ਜਿਹੇ ਦੋਸ਼ ਲੱਗੀ ਜਾਂਦੇ ਹਨ। ਉਹ ਦੋਸ਼ ਸੱਚੇ ਹਨ ਜਾਂ ਝੂਠੇ, ਪੰਜਾਬ ਦੇ ਲੋਕ ਨਹੀਂ ਜਾਣਦੇ, ਪਰ ਇਹ ਜਾਣਦੇ ਹਨ ਕਿ ਅੱਜ ਤੱਕ ਕਿਸੇ ਵੱਡੇ ਬੰਦੇ ਨੂੰ ਇਸ ਰਾਜ ਵਿੱਚ ਏਦਾਂ ਦੇ ਜੁਰਮ ਦੀ ਕਦੀ ਸਜ਼ਾ ਨਹੀਂ ਹੋਈ। ਜਥੇਦਾਰ ਤੋਤਾ ਸਿੰਘ ਵੱਡੇ ਦੋਸ਼ਾਂ ਤੋਂ ਛੁੱਟ ਗਿਆ ਤੇ ਸਰਕਾਰੀ ਕਾਰ ਦੀ ਦੁਰਵਰਤੋਂ ਦੇ ਮਾਮੂਲੀ ਜਿਹੇ ਦੋਸ਼ ਵਿੱਚ ਉਸ ਨੂੰ ਸਜ਼ਾ ਹੋ ਗਈ ਸੀ, ਭਾਵੇਂ ਬਾਅਦ ਵਿੱਚ ਉਹ ਉਸ ਸਜ਼ਾ ਤੋਂ ਵੀ ਬਰੀ ਹੋ ਗਿਆ ਸੀ। ਅੱਜ ਤੱਕ ਦਾ ਰਿਕਾਰਡ ਹੈ ਕਿ ਪੰਜਾਬ ਦੇ ਤਿੰਨ ਸਾਬਕਾ ਮੁੱਖ ਮੰਤਰੀਆਂ ਉੱਤੇ ਭ੍ਰਿਸ਼ਟਾਚਾਰ ਕਰਨ ਦੇ ਕੇਸ ਬਣੇ ਸਨ ਅਤੇ ਉਹ ਤਿੰਨੇ ਹੀ ਕਾਨੂੰਨ ਨੂੰ ਝਕਾਨੀ ਦੇ ਗਏ ਸਨ। ਇਸ ਵੇਲੇ ਜਿਨ੍ਹਾਂ ਉੱਤੇ ਕਾਰਵਾਈ ਕਰਨ ਦੀ ਗੱਲ ਸੁਣਨ ਨੂੰ ਮਿਲਦੀ ਹੈ, ਉਹ ਵੀ ਸਮਾਂ ਪਾ ਕੇ ਨਿਕਲ ਸਕਦੇ ਹਨ। ਜਿਹੜੇ ਵੀ ਸਾਬਕਾ ਮੰਤਰੀ ਜਾਂ ਮੁੱਖ ਮੰਤਰੀ ਉੱਤੇ ਏਦਾਂ ਦਾ ਕੇਸ ਬਣਨ ਲੱਗਦਾ ਹੈ, ਉਸ ਦੀ ਸਭ ਤੋਂ ਮਜ਼ਬੂਤ ਦਲੀਲ ਇਹ ਹੁੰਦੀ ਹੈ ਕਿ ਨੜਿਨਵੇਂ ਫੀਸਦੀ ਕੰਮ ਅਫਸਰਾਂ ਨੇ ਕਰ ਲਿਆ ਤੇ ਉਸ ਦੀ ਆਖਰੀ ਮਨਜ਼ੂਰੀ ਮੰਤਰੀ ਹੁੰਦਿਆਂ ਉਸ ਨੇ ਓਦੋਂ ਦਿੱਤੀ, ਜਦੋਂ ਕੋਈ ਸ਼ੱਕ ਨਹੀਂ ਸੀ ਰਿਹਾ, ਇਸ ਦੇ ਬਾਅਦ ਵੀ ਜੇ ਕੋਈ ਭ੍ਰਿਸ਼ਟਾਚਾਰ ਹੋਇਆ ਹੈ ਤਾਂ ਫਾਈਲ ਤੋਰਨ ਵਾਲੇ ਅਫਸਰਾਂ ਨੇ ਕੀਤਾ ਹੋਵੇਗਾ। ਲੋਕ ਇਹਕਹਿੰਦੇ ਹਨ ਕਿ ਪੰਜਾਬ ਵਿੱਚ ਕਿਸੇ ਲੀਡਰ ਨੂੰ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਸਜ਼ਾ ਨਹੀਂ ਹੁੰਦੀ, ਪਰ ਨਾਲ ਦੇ ਹਰਿਆਣੇ ਵਿੱਚ ਚਾਰ ਵਾਰੀ ਮੁੱਖ ਮੰਤਰੀ ਦਾ ਅਹੁਦਾ ਮਾਣਨ ਪਿੱਛੋਂ ਓਮ ਪ੍ਰਕਾਸ਼ ਚੌਟਾਲਾ ਨੂੰ ਸਜ਼ਾ ਹੋ ਗਈ ਸੀ। ਬਿਹਾਰ ਦੇ ਦੋ ਮੁੱਖ ਮੰਤਰੀਆਂ ਲਾਲੂ ਪ੍ਰਸਾਦ ਯਾਦਵ ਅਤੇ ਜਗਨ ਨਾਥ ਮਿਸ਼ਰਾ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਸਜ਼ਾ ਹੋ ਗਈ ਸੀ ਤੇ ਤਾਮਿਲ ਨਾਡੂ ਦੀ ਮੁੱਖ ਮੰਤਰੀ ਜੈਲਲਿਤਾ ਨੂੰ ਵੀ ਸਜ਼ਾ ਹੋ ਗਈ ਸੀ। ਉਹ ਲੋਕ ਚੇਤੇ ਨਹੀਂ ਰੱਖਦੇ ਕਿ ਕਰਨਾਟਕ ਵਿੱਚ ਮੁੱਖ ਮੰਤਰੀ ਰਹਿ ਚੁੱਕੇ ਯੇਦੀਯੁਰੱਪਾ ਵਰਗੇ ਕਈ ਹੋਰ ਵੀ ਇਨ੍ਹਾਂ ਦੋਸ਼ਾਂ ਦੀ ਸਜ਼ਾ ਤੋਂ ਬਚ ਨਿਕਲੇ ਸਨ। ਲੋਕ ਜਾਨਣਾ ਚਾਹੁੰਦੇ ਹਨ ਕਿ ਜਦੋਂ ਹੋਰ ਰਾਜਾਂ ਵਿੱਚ ਲੀਡਰਾਂ ਨੂੰ ਸਜ਼ਾ ਹੋ ਜਾਂਦੀ ਹੈ ਤਾਂ ਪੰਜਾਬ ਵਾਲਿਆਂ ਦਾ ਬਚਾਅ ਕਿਸ ਤਰ੍ਹਾਂ ਹੋ ਜਾਂਦਾ ਹੈ?

ਇਸ ਦੀ ਕੋਈ ਖਾਸ ਗੁੰਝਲ ਨਹੀਂ। ਸਾਬਕਾ ਮੁੱਖ ਮੰਤਰੀਆਂ ਨੂੰ ਸਜ਼ਾਵਾਂ ਓਥੇ ਹੋ ਗਈਆਂ ਹਨ, ਜਿੱਥੇ ਨਵੇਂ ਆਏ ਮੁੱਖ ਮੰਤਰੀਆਂ ਦਾ ਪੁਰਾਣੇ ਮੁੱਖ ਮੰਤਰੀਆਂ ਨਾਲ ਅੰਦਰਖਾਤੇ ਸਮਝੌਤਾ ਨਹੀਂ ਸੀ ਹੋਇਆ ਤੇ ਅਫਸਰਸ਼ਾਹੀ ਵੀ ਕਾਨੂੰਨਾਂ ਦੀ ਵਲਗਣ ਤੋੜ ਕੇ ਮਨ-ਆਈ ਕਰਨ ਦੀ ਜੁਰਅੱਤ ਕਰਨਵਾਲੀ ਨਹੀਂ ਸੀ। ਪੰਜਾਬ ਉਨ੍ਹਾਂ ਵਰਗਾ ਨਹੀਂ। ਏਥੇ ਸਾਬਕਾ ਅਤੇ ਮੌਜੂਦਾ ਹਾਕਮਾਂ ਦਾ ਮਿਲ ਜਾਣਾ ਰਾਜਨੀਤੀ ਦਾ ਮਾਮੂਲੀ ਨੁਸਖਾ ਹੈ, ਜਿਹੜਾ ਦੋਵਾਂ ਧਿਰਾਂ ਨੂੰ ਫਿੱਟ ਬੈਠਦਾ ਹੈ।ਇਸ ਦੇ ਨਾਲ ਪੰਜਾਬ ਵਿੱਚ ਅਫਸਰਸ਼ਾਹੀ ਬਹੁਤਾ ਕਰ ਕੇ ਹਰ ਕਿਸੇ ਨਾਲ ਮਿਲ ਕੇ ਚੱਲਣ ਵਾਲੀ ਹੈ, ਛਕਣ-ਛਕਾਉਣ ਵਿੱਚ ਕਿਸੇ ਅੱਗੇ ਅੜਿੱਕਾ ਨਹੀਂ ਬਣਦੀ, ਹਰ ਕਿਸੇ ਨਾਲ ਘਰ ਦੇ ਜੀਆਂ ਵਾਂਗ ਸਾਂਝ ਨਿਭਾ ਕੇ ਚੱਲਣ ਦੀ ਆਦੀ ਹੋ ਚੁੱਕੀ ਹੈ ਅਤੇ ਜਦੋਂ ਕਿਸੇ ਉੱਤੇ ਕੋਈ ਕੇਸ ਬਣ ਜਾਵੇ, ਓਦੋਂ ਵੀ ਪੂਰਾ ਸਾਥ ਨਿਭਾਉਂਦੀ ਹੈ। ਇੱਕ ਪਾਸੇ ਉਹ ਕੇਸ ਦਾਇਰ ਕਰਨ ਵਾਲੀ ਧਿਰ ਨੂੰ ਖੁਦ ਪਹੁੰਚ ਕਰ ਕੇ ਪੇਸ਼ਕਸ਼ ਕਰਦੀ ਹੈ ਕਿ ਇਹ ਕੇਸ ਕਿਸੇ ਹੋਰ ਤੋਂ ਸਿਰੇ ਨਹੀਂ ਲੱਗਣਾ, ਸਿਰਫ ਦਾਸ ਹੀ ਸਿਰੇ ਲਾ ਸਕਦਾ ਹੈ, ਇਸ ਲਈ ਇਹ ਸੇਵਾ ਦਾਸ ਨੂੰ ਦੇ ਦਿਉ ਤੇ ਦੂਸਰੇ ਪਾਸੇ ਜਾਂਚ-ਪੜਤਾਲ ਦੀ ਹਰ ਗੁੰਝਲ ਨਾਲ ਦੀ ਨਾਲ ਦੂਸਰੀ ਧਿਰ ਨੂੰ ਦੱਸਣ ਦਾ ਕੰਮ ਕਰਦੀ ਜਾਂਦੀ ਹੈ। ਅੱਵਲ ਤਾਂ ਕੇਸ ਅਦਾਲਤ ਤੱਕ ਨਹੀਂ ਪਹੁੰਚਦੇ ਤੇ ਜੇ ਪਹੁੰਚ ਵੀ ਜਾਣ ਤਾਂ ਓਥੇ ਜਾ ਕੇ ਸੀਨੀਅਰ ਅਫਸਰ ਆਪਣੇ ਦਸਖਤਾਂ ਅਤੇ ਪਹਿਲਾਂ ਖੁਦ ਲਿਖਾਏ ਬਿਆਨਾਂ ਤੋਂ ਮੁੱਕਰ ਜਾਂਦੇ ਹਨ ਅਤੇ ਪੈਰਾਂ ਉੱਤੇ ਪਾਣੀ ਨਹੀਂ ਪੈਣ ਦੇਂਦੇ ਹੁੰਦੇ। ਨਤੀਜੇ ਵਜੋਂ ਕਾਨੂੰਨ ਵਿਚਾਰਾ ਠਿੱਠ ਜਿਹਾ ਹੋ ਕੇ ਰਹਿ ਜਾਂਦਾ ਹੈ।

ਪੰਜਾਬ ਦੀ ਨਵੀਂ ਸਰਕਾਰ ਬਣਨ ਦੇ ਬਾਅਦ ਬਹੁਤ ਸਾਰੇ ਕੇਸ ਅੱਗੜ-ਪਿੱਛੜ ਬਾਹਰ ਨਿਕਲੇ ਹਨ ਤੇ ਹਰ ਕੇਸ ਪਹਿਲੇ ਕੇਸਾਂ ਦਾ ਬਾਪ ਜਾਪਦਾ ਹੈ। ਮੰਤਰੀ ਫੜੇ ਜਾ ਰਹੇ ਹਨ, ਸਾਬਕਾ ਮੁੱਖ ਮੰਤਰੀਆਂ ਦੀਆਂ ਫਾਈਲਾਂ ਬਣਦੀਆਂ ਸੁਣਨ ਨੂੰ ਮਿਲਦੀਆਂ ਹਨ। ਏਦਾਂ ਜਾਪਦਾ ਹੈ ਕਿ ਅਗਲੇ ਦਿਨਾਂ ਵਿੱਚ ਇਹ ਸਾਰੇ ਲੋਕ ਜੇਲ੍ਹ ਵਿੱਚ ਹੋਣਗੇ, ਪਰ ਉਹ ਹਿੱਕ ਉੱਤੇ ਹੱਥ ਮਾਰ ਕੇ ਕਹੀ ਜਾ ਰਹੇ ਹਨ ਕਿ ਫਾਈਲਾਂ ਸਾਰੀਆਂ ਅਫਸਰਾਂ ਨੇ ਬਣਾਈਆਂ ਸੀ, ਅਸੀਂ ਤਾਂ ਓਦੋਂ ਦਸਖਤ ਕੀਤੇ ਸਨ, ਜਦੋਂ ਪੂਰੀ ਫਾਈਲ ਤਿਆਰ ਹੋ ਚੁੱਕੀ ਸੀ। ਸਰਕਾਰੀ ਕਾਰ-ਵਿਹਾਰ ਵਿੱਚ ਸਾਰਾ ਕੰਮ ਜਦੋਂ ਅਫਸਰਾਂ ਨੇ ਕਰਨਾ ਤੇ ਅੰਤ ਵਿੱਚਮੰਤਰੀ ਨੇ ਸਿਰਫ ਮਨਜ਼ੂਰੀ ਦੇਣੀ ਜਾਂ ਨਾਂਹ ਕਰਨੀ ਹੁੰਦੀ ਹੈ ਤਾਂ ਉਹ ਦਲੀਲ ਹੀ ਇਹੋ ਵਰਤਦੇ ਹਨ ਕਿ ਜਿਨ੍ਹਾਂ ਦੀ ਜ਼ਿੰਮੇਵਾਰੀ ਸੀ, ਉਨ੍ਹਾਂ ਅਫਸਰਾਂ ਦੇ ਗਲ਼ ਰੱਸੀ ਪਾ ਲਵੋ, ਅਸੀਂ ਤਾਂ ਉਨ੍ਹਾਂ ਦੇ ਪਾਸ ਕੀਤੇ ਹੋਏ ਕੰਮਾਂ ਦਾ ਭਰੋਸਾ ਕਰਨ ਦੇ ਬਾਅਦ ਸਿਰਫ ਪ੍ਰਵਾਨਗੀ ਦੇਣ ਦਾ ਸੰਵਿਧਾਨਕ ਫਰਜ਼ ਨਿਭਾਇਆ ਹੈ। ਅਫਸਰਸ਼ਾਹੀ ਕਿਸੇ ਨੂੰ ਵੀ ਘੇਰਨ ਜਾਂ ਛੱਡਣ ਦਾ ਕੰਮ ਕਰ ਸਕਦੀ ਹੈ, ਪਰ ਆਪਣੇ ਕਿਸੇ ਅਫਸਰ ਭਾਈਬੰਦ ਦੇ ਖਿਲਾਫ ਕੋਈ ਕਾਰਵਾਈ ਹੁੰਦੀ ਵੇਖੇ ਤਾਂ ਇਹ ਸੋਚ ਉੱਥੇ ਭਾਰੂ ਹੋ ਜਾਂਦੀ ਹੈ ਕਿ ਇਸ ਨਾਲ ਸਮੁੱਚੀ ਸਰਵਿਸ ਦੀ ਬਦਨਾਮੀ ਹੋਵੇਗੀ ਤੇ ਜੇ ਅੱਜ ਇਹ ਫਸਿਆ ਹੈ ਤਾਂ ਕੱਲ੍ਹ ਨੂੰ ਇਸ ਕੇਸ ਦੀ ਮਨਜ਼ੂਰੀ ਦੇਣ ਵਾਲਾ ਵੀ ਫਸਾਇਆ ਜਾ ਸਕਦਾ ਹੈ, ਇਸ ਲਈ ਇਹ ਗੱਲ ਅੱਗੇ ਨਾ ਵਧਣ ਦਿਓ।

ਨਤੀਜਾ ਫਿਰ ਇਹੀ ਨਿਕਲਦਾ ਹੈ ਕਿ ਜੈੱਕ ਉੱਤੇ ਖੜੀ ਗੱਡੀ ਦੇ ਗੇਅਰ ਜਿੰਨੇ ਮਰਜ਼ੀ ਬਦਲਦੇ ਜਾਓ ਅਤੇ ਰੇਸ ਜਿੰਨੀ ਮਰਜ਼ੀ ਦੇਈ ਜਾਓ, ਮੀਟਰ ਉੱਤੇ ਸਪੀਡ ਜ਼ੀਰੋ ਤੋਂ ਦੋ ਸੌ ਕਿਲੋਮੀਟਰ ਪ੍ਰਤੀ ਘੰਟਾ ਦਿਖਾਈ ਦੇ ਸਕਦੀ ਹੈ, ਪਰ ਅਮਲ ਵਿੱਚ ਗੱਡੀ ਪਹਿਲਾਂ ਵਾਲੀ ਥਾਂ ਖੜੀ ਰਹਿੰਦੀ ਹੈ। ਪੰਜਾਬ ਦੀ ਨਵੀਂ ਸਰਕਾਰ ਨੂੰ ਵੀ ਏਸੇ ਤਰ੍ਹਾਂ ਕਿਸੇ ਜੈੱਕ ਉੱਤੇ ਖੜੀ ਗੱਡੀ ਵਾਂਗ ਸਪੀਡ ਉੱਤੇ ਭੱਜਦਾ ਵਿਖਾਉਣ ਦੇ ਯਤਨ ਸ਼ੁਰੂ ਹੋ ਗਏ ਹਨ। ਪੰਜਾਬੀ ਦਾ ਮੁਹਾਵਰਾ ਹੈ ਕਿ ਪਿੰਡ ਅਜੇ ਬੱਝਾ ਨਹੀਂ ਤੇ ਉਚੱਕੇ ਪਹਿਲਾਂ ਆਣ ਪਹੁੰਚੇ ਹਨ। ਭ੍ਰਿਸਟਾਚਾਰ ਕਰਨ ਵਾਲੀਆਂ ਧਾੜਾਂ ਨਵੀਂ ਪੰਜਾਬ ਸਰਕਾਰ ਅੰਦਰ ਵੀ ਬੜੀ ਤੇਜ਼ੀ ਨਾਲ ਵੜ ਜਾਣ ਦੇ ਜੁਗਾੜ ਵਿੱਚ ਹਨ। ਲੋਕ ਅਜੇ ਤੱਕ ਆਸ ਕਰਦੇ ਹਨ ਕਿ ਇਹ ਸਰਕਾਰ ਭ੍ਰਿਸ਼ਟਾਚਾਰ ਦੇ ਗੰਦੇ ਵਹਿਣ ਤੋਂ ਉਨ੍ਹਾਂ ਦਾ ਖਹਿੜਾ ਛੁਡਾਏਗੀ, ਪਰ ਛੁਡਾ ਵੀ ਸਕੇਗੀ ਜਾਂ ਭਗਵੰਤ ਮਾਨ ਦੀ ਕੈਸੇਟ ਯਾਦ ਕਰਵਾਏਗੀ ਕਿ ਜਦੋਂ ਤੱਕ ਧਰਮਰਾਜ ਜਿੰਦਾ ਹੈ, ਭ੍ਰਿਸ਼ਟਾਚਾਰ ਨਹੀਂ ਹਟ ਸਕਣਾ, ਇਹ ਗੱਲ ਅਗਲਾ ਸਮਾਂ ਦੱਸੇਗਾ।

# ਹੀਰਾ ਸਿੰਘ ਦਰਦ ਨੂੰ ਯਾਦ ਕਰਦਿਆਂ



ਗਿਆਨੀ ਹੀਰਾ ਸਿੰਘ ਦਰਦ

30 ਸਤੰਬਰ 1889 ਨੂੰ ਪਿੰਡ ਘਘਰੋਟ ਜ਼ਿਲ੍ਹਾ ਰਾਵਲਪਿੰਡੀ ਵਿੱਚ ਹੀਰਾ ਸਿੰਘ ਦਰਦ ਦਾ ਜਨਮ ਭਾਈ ਹਰੀ ਸਿੰਘ ਨਿਰੰਕਾਰੀ ਦੇ ਘਰ ਹੋਇਆ।

ਪਰਿਵਾਰ ਦਾ ਕਿੱਤਾ ਕਿਰਸਾਨੀ ਨਾਲ਼ ਸੰਬੰਧਿਤ ਹੀ ਸੀ ਪਰ ਜ਼ਮੀਨ ਥੋੜ੍ਹੀ ਹੋਣ ਕਾਰਨ ਪਿਤਾ ਹਿਕਮਤ ਤੇ ਹੋਰ ਕਿਰਤ ਵੀ ਕਰਦੇ ਸਨ। ਆਪ ਦਾ ਪਰਿਵਾਰਕ ਪਿਛੋਕੜ ਪੁੰਛ ਦੇ ਇੱਕ ਬ੍ਰਾਹਮਣ ਪਰਿਵਾਰ ਨਾਲ਼ ਸੰਬੰਧਿਤ ਸੀ।

ਹੀਰਾ ਸਿੰਘ ਦਰਦ ਰਾਵਲਪਿੰਡੀ ਵਿੱਚ ਈਸਾਈ ਮਿਸ਼ਨ ਸਕੂਲ ਵਿੱਚ ਪੜ੍ਹੇ।

ਮੈਟ੍ਰਿਕ ਤੇ ਗਿਆਨੀ ਪਾਸ ਕਰਕੇ ਹਿੰਦੀ, ਉਰਦੂ, ਫਾਰਸੀ ਤੇ ਅੰਗਰੇਜ਼ੀ ਦਾ ਖੁੱਲ੍ਹਾ ਅਧਿਐਨ ਕੀਤਾ।

ਮਿਉਂਸਪਲ ਕਮੇਟੀ ਰਾਵਲਪਿੰਡੀ ਵਿੱਚ 1907 ਵਿੱਚ ਨੌਕਰੀ ਕੀਤੀ ਪਰ ਜਦੋਂ ਅੰਦਰ ਦੇਸ਼ ਨੂੰ ਆਜ਼ਾਦ ਦੇਖਣ ਦੀ ਤਾਂਘ ਹੋਵੇ ਤੇ ਸਵੈ-ਮਾਣ ਨਾਲ਼ ਜਿਊਣ ਦੀ ਅੰਦਰ ਚਿਣਗ ਹੋਵੇ ਤਾਂ ਫਿਰ ਵਿਦੇਸ਼ੀ ਸਰਕਾਰ ਦੀ ਨੌਕਰੀ ਕਦ ਤੱਕ ਹੁੰਦੀਂ ਆਖਿਰ ਦਰਦ ਜੀ ਨੇ ਇਹ ਨੌਕਰੀ ਛੱਡ ਦਿੱਤੀ।

ਫਿਰ ਉਸ ਤੋਂ ਬਾਅਦ ਲਾਇਲਪੁਰ ਜਿਲ੍ਹੇ ਵਿੱਚ, ਚੱਕ ਨੰ. 73 ਵਿਖੇ ਸਿੰਘ ਸਭਾ ਸਕੂਲ ਵਿੱਚ ਅਧਿਆਪਕ ਲੱਗ ਗਏ, 1908 ਈ. ਤੋਂ 1919 ਤੱਕ ਆਪਣੀ ਅਧਿਆਪਨ ਸੇਵਾ ਨਿਭਾਈ।

1908 ਵਿੱਚ ਹੀਰਾ ਸਿੰਘ ਨੇ ਪਿਤਾ ਦੇ ਕਹਿਣ 'ਤੇ ਪੰਜ ਪਿਆਰਿਆਂ ਦੀ ਹਾਜ਼ਰੀ ਵਿੱਚ ਅੰਮ੍ਰਿਤ ਛਕ ਲਿਆ ਅਤੇ ਇਸੇ ਹੀ ਸਾਲ ਨੜਾਲੀ ਪਿੰਡ ਦੇ ਭਾਈ ਅਰਜਨ ਸਿੰਘ ਦੀ ਬੇਟੀ ਹਰ ਕੌਰ ਨਾਲ ਉਨ੍ਹਾਂ ਦਾ ਵਿਆਹ ਹੋਇਆ। 13 ਨਵੰਬਰ, 1908 ਨੂੰ 'ਸਿੰਘ ਸਭਾ ਲਹਿਰ' ਵਲੋਂ ਚੱਕ ਨੰਬਰ-73 ਦੇ ਸਕੂਲ ਦੀ ਸੇਵਾ ਹੀਰਾ ਸਿੰਘ ਨੂੰ ਸੌਂਪੀ ਗਈ ਜੋ ਕਿ ਬਾਅਦ ਵਿੱਚ ਸਿੱਖੀ ਪ੍ਰਚਾਰ ਦਾ ਕੰਮ ਕਰਨ ਵਾਲਿਆਂ ਦਾ ਇੱਕ ਜਥਾ 'ਗੁਰਮਤਿ ਪ੍ਰਚਾਰਕ ਜਥਾ ਝੰਗ ਸ਼ਾਖਾ' ਬਣਿਆ। ਹੀਰਾ ਸਿੰਘ ਨੇ ਇਸ ਵਿੱਚ ਸਰਗਰਮ ਹਿੱਸਾ ਲਿਆ।

1911-12 ਦੌਰਾਨ ਉਨ੍ਹਾਂ ਨੇ ਕਵਿਤਾ ਨੂੰ ਆਪਣੇ ਪ੍ਰਚਾਰ ਦਾ ਮੁੱਖ ਮਾਧਿਅਮ ਬਣਾਇਆ ਤੇ ਛੋਟੀਆਂ-ਵੱਡੀਆਂ ਕਰੀਬ 300 ਕਵਿਤਾਵਾਂ ਲਿਖੀਆਂ।

1912 ਈ: ਵਿੱਚ 'ਖਾਲਸਾ ਸੇਵਕ' ਦੇ ਸਬ-ਐਡੀਟਰ ਬਣੇ।

8 ਮਾਰਚ 1913 ਨੂੰ ਉਨ੍ਹਾਂ ਜਾਤ-ਪਾਤ ਵਿਰੁੱਧ ਇੱਕ ਸਮਾਜਿਕ ਕਵਿਤਾ ਅੰਬਾਲਾ ਕਾਨਫ਼ਰੰਸ ਮੌਕੇ 'ਪਹਿਲਾਂ ਆਪਣਾ ਆਪ ਸੁਧਾਰ ਲਈਏ' ਦੇ ਸਿਰਲੇਖ ਹੇਠ ਪੜ੍ਹੀ। 1913-14ਈ: ਵਿੱਚ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹੇ ਜਾਣ ਵਿਰੁਧ ਅੰਦੋਲਨ ਵਿੱਚ ਸਰਗਰਮ ਰਹੇ।

1914ਈ: ਵਿੱਚ ਕਾਮਾਗਾਟਾਮਾਰੂ ਜਹਾਜ਼ ਦੇ ਸ਼ਹੀਦਾਂ ਲਈ ਅਖੰਡ ਪਾਠ ਕਰਵਾਉਣ ਦੇ ਜ਼ੁਰਮ ਵਿੱਚ ਗਿਰਫ਼ਤਾਰ ਹੋਏ।

ਹੀਰਾ ਸਿੰਘ ਪਹਿਲਾਂ "ਦੁਖੀਆ" ਉਪਨਾਮ ਹੇਠ ਕਵਿਤਾ ਲਿਖਦੇ ਸਨ। 1918 ਈ. ਤੋਂ "ਦਰਦ" ਉਪਨਾਮ ਵਰਤਣ ਲੱਗ ਪਏ। 13 ਅਕਤੂਬਰ, 1919 ਨੂੰ 'ਤੈਂ ਕੀ ਦਰਦ ਨਾ ਅਇਆ' ਨਾਂ ਦੀ ਲੰਬੀ ਕਵਿਤਾ ਲਿਖੀ, ਜਿਸ ਵਿੱਚ ਗੁਰੂ ਨਾਨਕ ਦੇਵ ਦੇ ਉਪਕਾਰਾਂ ਦਾ ਜ਼ਿਕਰ ਕਰਦਿਆਂ ਅਤੇ ਬਾਬਰ ਦੇ ਹਮਲੇ ਨਾਲ਼ ਹੋਈ ਤਬਾਹੀ ਦਾ ਜ਼ਿਕਰ ਕੀਤਾ ਹੈ। 1919 ਈ. ਵਿੱਚ ਜਦੋਂ ਅਕਾਲੀ ਲਹਿਰ ਵੇਲੇ ਸਰਕਾਰ ਵਲੋਂ ਸਖਤੀ ਕੀਤੀ ਗਈ ਤਾਂ ਕਵੀ ਦਾ ਕੋਮਲ ਹਿਰਦਾ ਵਿਲਕ ਉਠਿਆ ਤੇ ਇਨ੍ਹਾਂ ਨੇ "ਦਰਦ ਸੁਨੇਹੇ" (ਤਿੰਨ ਭਾਗ) ਰਚੇ। ਮਾ.ਸੁੰਦਰ ਸਿੰਘ ਤੇ ਸ. ਮੰਗਲ ਸਿੰਘ ਨਾਲ ਰਲ਼ ਕੇ 1920 ਈ: 'ਚ ਲਾਹੌਰ ਤੋਂ ਰੋਜ਼ਾਨਾ ਅਕਾਲੀ ਅਖਬਾਰ ਕੱਢਿਆ। ਦਰਦ ਜੀ ਇਸ ਦੇ ਪਹਿਲੇ ਸੰਪਾਦਕ ਸਨ। 1920 ਵਿੱਚ ਕੇਂਦਰੀ ਸਿੱਖ ਲੀਗ ਅਤੇ 1921 ਵਿੱਚ ਹੀਰਾ ਸਿੰਘ ਦਰਦ ਜੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਵਜੋਂ ਵੀ ਕੰਮ ਕੀਤਾ।

ਸੰਪਾਦਕ ਦੇ ਤੌਰ ਤੇ ਅੰਗਰੇਜ਼ੀ ਸਰਕਾਰ ਵਿਰੁੱਧ ਪਰਚਾਰ ਦੇ ਦੋਸ਼ ਵਿੱਚ ਦਰਦ ਜੀ ਨੂੰ ਪਹਿਲੀ ਵਾਰ ਜੂਨ 1921 ਈ: ਨੂੰ ਗਿਰਫਤਾਰ ਕੀਤਾ ਤੇ ਛੇ ਮਹੀਨੇ ਦੀ ਕੈਦ ਹੋਈ। 1922 ਈ: ਵਿੱਚ ਢਾਈ ਸਾਲ ਕੈਦ ਦੀ ਕੈਦ ਹੋਈ। 1924 ਈ: ਵਿੱਚ ਫੁਲਵਾੜੀ ਮਾਸਕ ਪੱਤਰ ਸ਼ੁਰੂ ਕੀਤਾ ਜੋ ਕਿ 1956 ਈ: ਤੱਕ ਪ੍ਰਕਾਸ਼ਿਤ ਹੁੰਦਾ ਰਿਹਾ। ਇਸ ਪੱਤਰ ਰਾਹੀਂ ਆਪ ਨੇ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਖੂਬ ਸੇਵਾ ਕੀਤੀ।ਪੰਜਾਬੀ ਸਾਹਿਤ ਖੋਜੀ ਇਹ ਤੱਥ ਸਵੀਕਾਰਦੇ ਹਨ ਕਿ ਫੁਲਵਾੜੀ ਬਿਨਾਂ ਆਧੁਨਿਕ ਪੰਜਾਬੀ ਸਾਹਿਤ ਦਾ ਅਧਿਐਨ ਅਸੰਭਵ ਹੈ।

1924-25 ਈ: ਵਿੱਚ ਫਿਰ ਛੇ ਮਹੀਨੇ ਦੀ ਕੈਦ ਹੋਈ ਅਤੇ ਸਰਕਾਰ ਨੇ ਹੀਰਾ ਸਿੰਘ ਦਰਦ ਦਾ ਮਕਾਨ ਤੇ ਜ਼ਮੀਨ ਵੀ ਨੀਲਾਮ ਕਰ ਦਿੱਤੇ।

1926 ਈ. ਵਿੱਚ ਦਰਦ ਜੀ ਨੇ ਮੁਸ਼ਤਾਕ, ਮੌਲਾ ਬਖ਼ਸ਼ ਕੁਸ਼ਤਾ ਅਤੇ ਧਨੀ ਰਾਮ ਚਾਤ੍ਰਿਕ ਨਾਲ ਮਿਲ ਕੇ ਪੰਜਾਬੀ ਸਭਾ ਦੀ ਨੀਂਹ ਰੱਖੀ।

ਅੱਗੇ ਚੱਲਕੇ 1942 ਈ: ਵਿੱਚ 'ਹਿੰਦ ਛੋੜ ਜਾਓ' ਲਹਿਰ ਵਿਚ ਸਰਗਰਮ ਹਿੱਸਾ ਲੈਣ ਕਰਕੇ ਹੀਰਾ ਸਿੰਘ ਦਰਦ 1942 ਈ: ਤੋਂ 1945 ਈ: ਤੱਕ ਤਿੰਨ ਸਾਲ ਨਜ਼ਰਬੰਦ ਰਹੇ।

1956ਈ: ਵਿਚ ਦਰਦ ਜੀ ਨੂੰ ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ 'ਕੇਂਦਰੀ ਪੰਜਾਬੀ ਲੇਖਕ ਸਭਾ' ਦੀ ਸਥਾਪਨਾ ਲਈ ਕਨਵੀਨਰ ਬਣਾਇਆ ਗਿਆ। ਦਰਦ ਜੀ ਨੂੰ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪਹਿਲੀ ਜਨਰਲ ਸਕੱਤਰ ਹੋਣ ਦਾ ਮਾਣ ਵੀ ਪ੍ਰਾਪਤ ਹੈ।

1960 ਈ: ਵਿੱਚ ਦਰਦ ਨੇ ਪੰਜਾਬੀ ਪ੍ਰਚਾਰ ਕੇਂਦਰ, ਜਲੰਧਰ ਦੀ ਸਥਾਪਨਾ ਕੀਤੀ। ਇਸੇ ਵਰ੍ਹੇ ਹੀ ਹੀਰਾ ਸਿੰਘ ਦਰਦ ਨੂੰ ਸਾਹਿਤਕ ਸੇਵਾਵਾਂ ਬਦਲੇ ਭਾਸ਼ਾ ਵਿਭਾਗ ਵਿਭਾਗ ਵੱਲੋਂ 23 ਮਾਰਚ ਨੂੰ ਹੋਏ ਸਲਾਨਾ ਸਮਾਰੋਹ ਸਮੇਂ ਨੂੰ ਸਨਮਾਨਿਤ ਕੀਤਾ। 1962 ਈ: ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਬਣਾਏ ਗਏ।

ਸਾਹਿਤਕ ਸਫ਼ਰ:- ਹੀਰਾ ਸਿੰਘ ਦਰਦ ਨੇ ਇੱਕ ਪ੍ਰਬੀਨ ਪੱਤਰਕਾਰ, ਸੁੱਚਜੇ ਗੱਦਕਾਰ, ਨਿਬੰਧਕਾਰ, ਕਹਾਣੀਕਾਰ, ਕਵੀ, ਆਲੋਚਕ ਤੇ ਚੇਤੰਨ ਸੈਲਾਨੀ ਦੇ ਤੌਰ ਤੇ ਵਿਚਰਦਿਆਂ ਸਾਰੀ ਜ਼ਿੰਦਗੀ ਪੰਜਾਬੀ ਮਾਂ-ਬੋਲੀ ਦੀ ਆਪਣੇ ਹਿੱਸੇ ਆਈ ਸੇਵਾ ਨਿਭਾਈ। ਇੱਥੇ ਅਸੀਂ ਅੱਜ ਉਹਨਾਂ ਦੀਆਂ ਵੱਖੋ-ਵੱਖ ਸਾਹਿਤ ਰੂਪਾਂ ਵਿੱਚ ਰਚੀਆਂ ਸਾਹਿਤਕ ਰਚਨਾਵਾਂ ਨਾਲ਼ ਜਾਣ ਪਹਿਚਾਣ ਕਰਵਾਵਾਂਗੇ।

ਕਵਿਤਾ ਸਾਹਿਤ ਰੂਪ:-

ਉਪਕਾਰਾਂ ਦੀ ਵੰਨਗੀ- ਕਵਿਤਾ (1912), ਸਿਖ ਬੱਚਿਓ ਜਾਗੋ ਕਵਿਤਾ (1923), ਦਰਦ ਸੁਨੇਹੇ ਭਾਗ ਪਹਿਲਾ,ਦੂਜਾ (1920-21), ਭਾਗ ਤੀਜਾ (1922), ਫੁਲਵਾੜੀ ਚਿਤਰਾਵਾਲੀ (1926) ਕਵਿਤਾ ਤੇ ਵਾਰਤਕ, ਕਿਸਾਨ ਦੀਆਂ ਆਹੀਂ (1939), ਹੋਰ ਅਗੇਰੇ (1940) ਕਵਿਤਾ, ਚੋਣਵੇਂ ਦਰਦ ਸੁਨੇਹੇ (1951)

ਵਾਰਤਕ ਸਾਹਿਤ ਰੂਪ:-

ਜੀਵਨ ਤਿਲਕ ਜੀ (ਵਾਰਤਕ 1921), ਜੀਵਨ ਬਾਬਾ ਗੁਰਦਿੱਤਾ (1921), ਸੋਸਲਿਜਮ ਕੀ ਹੈ ? (1942), ਫਾਸਿਜਮ ਕੀ ਹੈ ? (1942), ਧਰਮ ਤੇ ਰਾਜਨੀਤੀ (1950), ਨਵੀਨ ਭਾਰਤ ਤੇ ਰਾਜਸੀ ਆਗੂ (1952), ਮੇਰੀਆਂ ਕੁਝ ਇਤਿਹਾਸਕ ਯਾਦਾਂ (1956)

ਕਹਾਣੀ ਸਾਹਿਤ ਰੂਪ:-

ਆਸ ਦੀ ਤੰਦ ਤੇ ਹੋਰ ਕਹਾਣੀਆਂ (1953), ਪੰਜਾਬੀ ਸੱਧਰਾਂ ਸੰਗ੍ਰਹਿ (1942)

ਆਲੋਚਨਾ:- ਪੰਜਾਬੀ ਸਾਹਿਤ ਦਾ ਇਤਿਹਾਸ (1953), ਸ. ਕਰਮ ਸਿੰਘ ਹਿਸਟੋਰਿਅਨ ਦੀ ਖੋਜ (ਸੰਪਾਦਤ)

ਲੇਖ:- ਇਤਿਹਾਸਕ ਲੇਖ (1954) ;

ਸਫ਼ਰਨਾਮਾ:- ਬ੍ਰਿਜਭੂਮੀ ਤੇ ਮਲਾਇਆ ਦੀ ਯਾਤਰਾ (1958)

ਹੁਣ ਤਕ ਉਨ੍ਹਾਂ ਦੇ ਸਾਹਿਤ ਉੱਤੇ ਤਿੰਨ ਪੀ.ਐਚ.ਡੀ. ਅਤੇ ਅੱਠ ਐਮ. ਫਿਲ ਦੇ ਥੀਸਿਸ ਦਾ ਕੰਮ ਹੋ ਚੁੱਕਾ ਹੈ।

ਪੱਤਰਕਾਰੀ ਦੇ ਖੇਤਰ ਵਿਚ ਹੀਰਾ ਸਿੰਘ ਦਰਦ 'ਅਕਾਲੀ' ਅਖ਼ਬਾਰ ਤੋਂ ਬਿਨਾਂ 'ਖਾਲਸਾ ਸੇਵਕ', 'ਕੌਮੀ ਦਰਦ', 'ਦੇਸ਼ ਭਗਤ', 'ਨਵਾਂ ਯੁਗ', ਤੇ 'ਲਾਲ ਸਵੇਰਾ' ਪਰਚਿਆਂ ਆਦਿ ਨੂੰ ਵੀ ਸੰਪਾਦਿਤ ਕਰਦੇ ਰਹੇ।

1964 ਦੇ ਅੰਤ ਵਿੱਚ 'ਦਰਦ' ਜੀ ਨੂੰ ਅਧਰੰਗ ਹੋ ਗਿਆ। ਕੁਝ ਸਮੇਂ ਲਈ ਉਹ ਪਟਿਆਲਾ ਦੇ ਆਯੂਰਵੈਦਿਕ ਹਸਪਤਾਲ ਵਿਚ ਦਾਖਲ ਰਹੇ। ਲੰਮੀ ਬਿਮਾਰੀ ਮਗਰੋਂ 22 ਜੂਨ, 1965 ਈ: ਨੂੰ ਗਿਆਨੀ ਹੀਰਾ ਸਿੰਘ 'ਦਰਦ ਨੇ ਆਪਣੀ ਜ਼ਿੰਦਗੀ ਦਾ ਆਖਰੀ ਸਾਹ ਲਿਆ। ਪੰਜਾਬੀ ਸਾਹਿਤ ਦੇ ਲਾਡਲੇ ਪੁੱਤ ਹੀਰਾ ਸਿੰਘ ਦਰਦ ਜੀ ਰਹਿੰਦੀ ਦੁਨੀਆਂ ਤੱਕ ਆਪਣੀਆਂ ਰਚਨਾਵਾਂ ਤੇ ਆਪਣੇ ਕੀਤੇ ਕਾਰਜਾਂ ਨਾਲ਼ ਲੋਕਾਂ ਦੇ ਦਿਲਾਂ ਵਿੱਚ ਹਮੇਸ਼ਾ ਜਿਊਂਦੇ ਰਹਿਣ-ਗੇ।

*-ਸੁਖਚੈਨ ਸਿੰਘ ਕੁਰੜ*
*(ਪੰਜਾਬੀ ਅਧਿਆਪਕ ਤੇ ਭਾਸ਼ਾ ਮੰਚ ਸਰਪ੍ਰਸਤ)*
*ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਨਾ ਸਿੰਘ ਵਾਲ਼ਾ*

# ਸ਼ਹੀਦ ਦੀ ਅਰਦਾਸ :ਹਰਿੰਦਰ ਸਿੰਘ ਮਹਿਬੂਬ-ਇਕ ਲਘੂ ਮਹਾਂਕਾਵਿ

(ਲੇਖਕ ਡਾ. ਗੁਰਤਰਨ ਸਿੰਘ)



ਰਿਵਿਊਕਾਰ: ਡਾ.ਹਰਭਜਨ ਸਿੰਘ ਕਾਹਲੋਂ

'ਸ਼ਹੀਦ ਦੀ ਅਰਦਾਸ' ਪ੍ਰੋ ਹਰਿੰਦਰ ਸਿੰਘ ਮਹਿਬੂਬ ਦਾ ਇੱਕ ਲਘੂ ਮਹਾਂਕਾਵਿ ਹੈ ਜੋ ਸੱਤਵੀਂ ਕਿਤਾਬ ਵਜੋਂ 'ਝਨਾਂ ਦੀ ਰਾਤ' ਵਿੱਚ ਦਰਜ ਹੈ। ਪ੍ਰੋ.ਹਰਿੰਦਰ ਸਿੰਘ ਮਹਿਬੂਬ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਨਾਇਕਤਵ ਨੂੰ ਮਹਾਂ ਕਾਵਿਕ ਰੂਪ ਵਿੱਚ ਚਿਤਰਿਆ ਹੈ। ਡਾ. ਗੁਰਤਰਨ ਸਿੰਘ ਨੇ ਇਸ ਕਿਤਾਬ ਦੇ ਸੂਖ਼ਮ ਤੇ ਵਿਸ਼ਾਲ ਪਸਾਰਾਂ ਦੀ ਵਿਆਖਿਆ 'ਸ਼ਹੀਦ ਦੀ ਅਰਦਾਸ: ਹਰਿੰਦਰ ਸਿੰਘ ਮਹਿਬੂਬ-ਇੱਕ ਲਘੂ ਮਹਾਂਕਾਵਿ' ਵਿੱਚ ਕੀਤੀ ਹੈ।

ਸ਼ਹੀਦ ਦਾ ਕਰਮ ਖੇਤਰ ਜੀਵਨ ਹੈ ਪਰ ਇਹ ਜੀਵਨ ਮੌਤ ਤੋਂ ਪਾਰਲੇ ਸੱਚ ਦਾ ਅਮਲ ਹੈ।ਮੌਤ ਤੋਂ ਪਾਰਲਾ ਸੱਚ ਹੁਕਮ ਹੈ। ਕਾਇਨਾਤ ਜਾਂ ਪ੍ਰਕਿਰਤੀ ਹੁਕਮ ਦਾ ਜ਼ਹੂਰ ਆਪਣੇ ਢੰਗ ਨਾਲ ਕਰ ਹੀ ਰਹੀ ਹੈ। ਮਨੁੱਖ ਲਈ ਇਹ ਕਾਰਜ ਵਿਸ਼ੇਸ਼ ਅਰਥਾਂ ਦਾ ਧਾਰਨੀ ਹੈ। ਦੇਸ ਕਾਲ ਜਿਸ ਪ੍ਰਕਾਰ ਮਨੁੱਖ ਦੇ ਅੱਗੇ ਆਉਂਦੇ ਹਨ, ਹੋਰ ਕਿਸੇ ਜੀਵ ਜਾਂ ਨਿਰਜੀਵ ਦੇ ਅੱਗੇ ਨਹੀਂ ਆਉਂਦੇ।ਦੇਸ਼ ਕਾਲ ਵੱਖ- ਵੱਖ ਸੰਕਲਪਾਂ-ਵਿਕਲਪਾਂ,ਗਿਆਨਾ-ਵਿਗਿਆਨਾਂ,ਦ੍ਵੈਤਾਂ-ਅਦਵੈਤਾ, ਵਿਰੋਧ-ਵਿਕਾਸਾਂ, ਅਕਲਾਂ-ਅਹਿਸਾਸਾਂ,ਆਦਿ ਸ਼੍ਰੇਣੀਆਂ ਵਿੱਚ ਵੰਡਿਆ ਹੁੰਦਾ ਹੈ। ਦੇਸ ਕਾਲ ਮੁੱਖ ਰੂਪ ਵਿੱਚ ਇੱਕ ਸੰਘਰਸ਼ ਜਾਂ ਪ੍ਰੀਖਿਆ ਹੈ।ਇਹ ਸੰਘਰਸ਼ ਜਾਂ ਪ੍ਰੀਖਿਆ ਮਨੁੱਖੀ ਹੋਂਦ ਦੇ ਖ਼ਾਲਸ ਜ਼ਹੂਰ ਦਾ ਸੰਘਰਸ਼ ਜਾਂ ਪ੍ਰੀਖਿਆ ਹੈ। ਇਸ ਦੀ ਪਹਿਲੀ ਤੇ ਅੰਤਿਮ ਸ਼ਰਤ ਹੁਕਮ ਹੈ। ਸ਼ਹੀਦ ਦਾ ਕਰਮ ਤੇ ਅਮਲ ਦੇਸ ਕਾਲ ਦੇ ਸਰਬ ਵਰਤਾਰੇ ਵਿੱਚ ਹੋਂਦ ਦੇ ਸੱਚ ਨੂੰ ਨਮੂਦਾਰ ਕਰਨਾ ਹੈ।ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਦੇਖਿਆ ਕਿ ਪੰਜਾਬ, ਜਿਸ ਧਰਤੀ ਤੇ ਅਕਾਲ ਪੁਰਖ ਦੇ ਹੁਕਮ ਦਾ ਪ੍ਰਕਾਸ਼ ਹੋਇਆ, ਦੀ ਜੀਵਨ -ਜਾਚ ਉੱਪਰ ਇਕ ਵਿਸ਼ੇਸ਼ ਤਰ੍ਹਾਂ ਦੀ ਰੋਕ ਲੱਗੀ ਹੋਈ ਹੈ। ਇਹ ਰੋਕ ਸਿੱਖ ਦੇ ਕਰਮ ਤੇ ਅਮਲ ਦਾ ਵਿਗਾਸ ਨਹੀਂ ਹੋਣ ਦੇ ਰਹੀ। ਸਿੱਖ ਨਿੱਜੀ ਰੂਪ ਵਿੱਚ ਨਿਤਨੇਮ, ਰਹਿਤ-ਮਰਿਆਦਾ ਜਾਂ ਹੋਰ ਸਿੱਖੀ-ਕਾਰਜਾਂ ਨੂੰ ਤਾਂ ਨਿਭਾ ਰਿਹਾ ਲੱਗਦਾ ਹੈ ਪਰ ਉਸ ਦੇ ਜੀਵਨ ਦੀਆਂ ਬਾਹਰੀ ਦਿਸ਼ਾਵਾਂ ਵਿਚ ਇਸ ਦੀ ਰਸਾਈ ਨਹੀਂ ਹੋ ਰਹੀ । ਹਰਿੰਦਰ ਸਿੰਘ ਮਹਿਬੂਬ ਦੀ ਕਾਵਿ ਪੁਸਤਕ ਝਨਾਂ ਦੀ ਰਾਤਵਿੱਚ ਦਰਜ ਲਘੂ ਮਹਾਂਕਾਵਿ ਸ਼ਹੀਦ ਦੀ ਅਰਦਾਸਦੀ ਅੰਤਰੀਵ ਰਚਨਾਤਮਿਕਤਾ ਮਨੁੱਖ ਅਤੇ ਸਿੱਖ ਹੋਂਦ ਦੀ ਖ਼ਾਲਸ ਧੁਰ ਸੁਤੰਤਰਤਾ ਦਾ ਬੁਲੰਦ ਬਿਆਨ ਹੈ। ਡਾ ਗੁਰਤਰਨ ਸਿੰਘ ਨੇ ਝਨਾਂ ਦੀ ਰਾਤਦੀ ਇਸ ਸੱਤਵੀਂ ਕਿਤਾਬ ਸ਼ਹੀਦ ਦੀ ਅਰਦਾਸ ਦੇ ਅਧਿਐਨ ਵਿੱਚ ਦਰਸ-ਾਇਆ ਹੈ ਕਿ ਸ਼ਹੀਦ ਗੁਰੂ ਪੈਗੰਬਰ ਦੀਆਂ ਲੜੀਆਂ ਗਈਆਂ ਦੋਵੇਂ ਪ੍ਰਕਾਰ ਦੀਆਂ ਜੰਗਾਂ (ਸੰਸਾਰਕ ਤੇ ਨਫ਼ਸਿਆਤਿ)ਦਾ ਜਰਨੈਲ ਹੁੰਦਾ ਹੈ। ਮਨੁੱਖ ਦੀ ਫਿਤਰਤ ਵਿਚ ਇਹ ਅੰਸ਼ ਸਮਾਇਆ ਹੋਇਆ ਹੈ ਕਿ ਉਹ ਕਾਲ ਦੀ ਨੇੜਤਾ ਵਿਚ ਰਹਿੰਦਾ ਸਹਿਜ ਹੀ ਕਾਲ ਦੇ ਪ੍ਰਭਾਵਾਂ ਅਧੀਨ ਆ ਜਾਂਦਾ ਹੈ। ਕਾਲ ਦਾ ਪ੍ਰਭਾਵ ਹੀ ਵਿਅਕਤੀਗਤ ਰੁਚੀਆਂ ਤੇ ਆਕਾਂਖਿਆਵਾਂ ਪੈਦਾ ਕਰਦਾ ਹੈ। ਉਸ ਲਈ ਪਾਰਗਾਮੀ ਅਤੇ ਉੱਚਾ ਆਦਰਸ਼ ਕਿਸੇ ਹੋਰ ਦੁਨੀਆਂ ਦੀਆਂ ਚੀਜ਼ਾਂ ਲੱਗਦੇ ਹਨ। ਮਨੁੱਖ ਭਾਵੇਂ ਕਿੰਨਾ ਵੀ ਆਪਣੇ ਉੱਚੇ ਆਦਰਸ਼ ਨੂੰ ਭੁੱਲ,ਉਸ ਤੋਂ ਦੂਰ ਚਲਾ ਜਾਵੇ ਪ੍ਰੰਤੂ ਪ੍ਰਕਿਰਤੀ ਕਦੇ ਵੀ ਆਪਣੇ ਅਕਾਲੀ ਰੂਪਾਂਤਰਨ ਤੋਂ ਦੂਰ ਨਹੀਂ ਹੁੰਦੀ। ਪ੍ਰਕਿਰਤੀ ਮੁੜ ਮੁੜ ਆਪਣੇ ਅਸਲ ਆਪੇ ਨੂੰ ਵੱਖ ਵੱਖ ਤਰੀਕਿਆਂ ਰਾਹੀਂ ਦਰਸਾਉਂਦੀ ਅਤੇ ਮਨੁੱਖ ਅੱਗੇ ਵੱਖ ਵੱਖ ਸੰਕੇਤਾਂ,ਪ੍ਰਤੀਕਾਂ ਜਾਂ ਪ੍ਰਸ਼ਨਾਂ ਦੇ ਰੂਪ ਵਿੱਚ ਪ੍ਰਗਟ ਕਰਦੀ ਰਹਿੰਦੀ ਹੈ। ਪ੍ਰਕਿਰਤੀ ਜਿੰਨਾ ਚਿਰ ਆਪਣੇ ਇੱਕ ਹੋਰ ਸ਼ਕਤੀਸ਼ਾਲੀ ਪਰਾ-ਭੌਤਿਕ ਰੂਪ ਮਾਇਆ ਵਿੱਚ ਗਲਤਾਨ ਨਹੀਂ ਹੁੰਦੀ,ਓਨਾ ਚਿਰ ਮਨੁੱਖ ਦਾ ਸੱਚਾ ਸਾਥ ਦਿੰਦੀ ਅਤੇ ਉਸਨੂੰ ਜਗਾਉਂਦੀ ਰਹਿੰਦੀ ਹੈ।ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵਿੱਚ ਉੱਚੇ ਆਦਰਸ਼ ਦੀ ਪ੍ਰਤੀਬੱਧਤਾ ਬੇਮਿਸਾਲ ਸੀ ਜੋ ਉਸ ਅੰਦਰ ਇੱਕ ਇੱਕ ਦਿਨ ਵਿਚ ਗੁਰਬਾਣੀ ਦੇ ਸੈਂਕੜੇ ਪਾਠ ਕਰਨ ਕਰਕੇ ਆਈ।ਉਸ ਅੱਗੇ ਦੇਸ ਕਾਲ ਦੇ ਛੋਟੇ ਰਾਹਾਂ ਦੀਆਂ ਸੀਮਾਵਾਂ ਅਤੇ ਪ੍ਰਕਿਰਤੀ ਦੇ ਅਸੰਖਾਂ ਚੱਕਰਾਂ ਦੇ ਅਣਭੋਲ ਤੇ ਦਿਲ ਫ਼ਰੇਬ ਚਮਤਕਾਰਾਂ ਦੇ ਰੂਪ ਦਿਨ ਦੇ ਚਾਨਣ ਵਾਂਗ ਖੁੱਲ੍ਹੇ ਪਏ ਸਨ। ਡਾ ਗੁਰਤਰਨ ਸਿੰਘ ਦੀ ਵਿਆਖਿਆ ਦ੍ਰਿਸ਼ਟੀ ਦਰਸਾਉਂਦੀ ਹੈ ਕਿ ਕਿਵੇਂ ਸੰਤ ਜਰਨੈਲ ਸਿੰਘ ਨੂੰ ਆਪਣੇ ਆਲੇ ਦੁਆਲੇ ਘੁੰਮ ਰਹੇ, ਸਿੱਖ ਸੰਸਥਾਵਾਂ ਦੇ ਪ੍ਰਧਾਨਾਂ ਤੇ ਸਰਕਾਰ ਦੀਆਂ ਨੀਤੀਆਂ ਦਾ ਸੂਖ਼ਮ ਰੂਪ ਵਿਚ ਪਤਾ ਸੀ। ਇਹ ਕਿਤਾਬ ਹਰ ਸਿੱਖ ਦੇ ਘਰ ਹੋਣੀ ਲਾਜ਼ਮੀ ਹੈ ਕਿਉਂਕਿ ਇਹ ਸੰਸਾਰ ਰਾਜਨੀਤੀ ਦੇ ਸੰਦਰਭ ਵਿੱਚ ਸਿੱਖਾਂ ਦੀ ਰਾਜਨੀਤਕ ਸਮਝ ਬਣਾਉਣ ਅਤੇ ਪ੍ਰਪੱਕ ਕਰਨ ਵਿੱਚ ਮਦਦਗਾਰ ਹੋ ਸਕਦੀ ਹੈ। ਇਹ ਸਿੱਖ ਦੇ ਰੂਹਾਨੀ ਮਰਕਜ ਨੂੰ ਬਿਆਨ ਕਰਦੀ ਹੋਈ ਉਸ ਦੇ ਦੁਨੀਆਂ ਨਾਲ ਨਿਆਂਸੰਗਤ ਸੰਬੰਧਾਂ ਨੂੰ ਉੱਕਰਦੀ ਹੈ। ਸਿੱਖ ਜਗਤ ਵਿੱਚ ਇਹੋ ਜਿਹੀ ਕਿਤਾਬ ਦਾ ਆਉਣਾ ਸ਼ੁਭ ਸੰਕੇਤ ਹੈ।



## ਕੁੜੀ ਨੂੰ ਨੌਕਰੀ ਤੇ ਭਰਾ ਨੂੰ ਕੈਨੇਡਾ ਭੇਜਣ ਬਹਾਨੇ 25 ਲੱਖ ਦੀ ਠੱਗੀ

ਜਲੰਧਰ, 26 ਜੂਨ (ਪੋਸਟ ਬਿਊਰੋ)- ਜਲੰਧਰ ਕਮਿਸ਼ਨਰੇਟ ਪੁਲਸ ਦੇ ਆਰਥਿਕ ਅਪਰਾਧ ਸੈਲ ਨੇ ਲੰਬੀ ਜਾਂਚ ਪਿੱਛੋਂ 25 ਲੱਖ ਰੁਪਏ ਅਤੇ ਪੰਜ ਤੋਲੇ ਸੋਨੇ ਦੇ ਗਹਿਣੇ ਲੈ ਕੇ ਫਰਾਡ ਕਰਨ ਦਾ ਮਾਮਲਾ ਦਰਜ ਕੀਤਾ ਹੈ।

ਥਾਣਾ ਭਾਰਗੋ ਕੈਂਪ ਦੀ ਪੁਲਸ ਨੇ ਸ਼ਾਸਤਰੀ ਨਗਰ ਦੇ ਵਾਸੀ ਮਨਪ੍ਰੀਤ ਸਿੰਘ ਪੁੱਤਰ ਇੰਦਰਜੀਤ ਸਿੰਘ ਨੂੰ ਆਈ ਪੀ ਸੀ ਦੀ ਧਾਰਾ 406, 420 ਅਤੇ ਟ੍ਰੈਵਲ ਪ੍ਰੋਫੈਸ਼ਨਲ ਐਕਟ ਹੇਠ ਨਾਮਜ਼ਦ ਕੀਤਾ ਹੈ। ਪੀੜਤ ਜਸਬੀਰ ਸਿੰਘ ਬਾਜਵਾ ਉਰਫ ਜਸ ਪੁੱਤਰ ਕੇਵਲ ਸਿੰਘ ਵਾਸੀ ਉਦੈ ਗਿਰ ਨੇ ਪੁਲਸ ਨੂੰ ਦੱਸਿਆ ਕਿ ਉਹ 12ਵੀਂ ਪਾਸ ਹੈ, ਉਸ ਦੇ ਪਿਤਾ ਇੱਕ ਨਿੱਜੀ ਸਕੂਲ ਵਿੱਚ ਬੱਸ ਦੇ ਡਰਾਈਵਰ ਹਨ। ਸਾਲ 2018 ਵਿੱਚ ਉਸ ਦੇ ਪਿਤਾ ਦੀ ਦੋਸ਼ੀ ਮਨਪ੍ਰੀਤ ਸਿੰਘ ਨਾਲ ਦੋਸਤੀ ਹੋ ਗਈ। ਉਨ੍ਹਾਂ ਮੇਰੇ ਭਵਿੱਖ ਬਾਰੇ ਗੱਲ ਕੀਤੀ। ਮਨਪ੍ਰੀਤ ਨੇ ਉਨ੍ਹਾਂ ਨੂੰ ਝਾਂਸੇ ਵਿੱਚ ਲੈ ਕੇ ਕਿਹਾ ਕਿ ਉਹ ਭਾਰਤੀ ਰੇਲਵੇ ਦਾ ਮੁਲਾਜ਼ਮ ਹੈ। ਪਿਤਾ ਨੇ ਮੈਨੂੰ ਕੈਨੇਡਾ ਭੇਜਣ ਦੀ ਗੱਲ ਕੀਤੀ। ਸਾਲ 2018 ਵਿੱਚ ਦੋਸ਼ੀ ਨੇ ਭੈਣ ਨੂੰ ਰੇਲਵੇ ਦੀ ਨੌਕਰੀ ਦਿਵਾਉਣ ਦਾ ਝਾਂਸਾ ਦਿੱਤਾ। ਫਿਰ ਮੈਡੀਕਲ ਕਰਵਾਉਣ ਦੀ ਗੱਲ ਕਹਿ ਕੇ 22




ਹਜ਼ਾਰ ਰੁਪਏ ਲੈ ਲਏ। ਜੁਲਾਈ 2018 ਤੋਂ ਭੈਣ ਦੀ ਈਮੇਲ ਉੱਤੇ ਰੇਲਵੇ ਰਿਕਰੂਟਮੈਂਟ ਬੋਰਡ ਦੀਆਂ ਈ-ਮੇਲ ਆਉਣ ਲੱਗੀਆਂ। ਇਸ ਦੌਰਾਨ ਮਨਪ੍ਰੀਤ ਸਿੰਘ ਨੇ ਜਸਵੀਰ ਨੂੰ ਕੈਨੇਡਾ ਭੇਜਣ ਦੀ ਗੱਲ ਕਹੀ ਅਤੇ ਥੋੜ੍ਹੇ-ਥੋੜ੍ਹੇ ਕਰ ਕੇ ਪਰਵਾਰ ਤੋਂ 25 ਲੱਖ ਰੁਪਏ ਲੈ ਲਏ। ਇਸ ਦੇ ਬਾਅਦ ਨਾ ਭੈਣ ਨੂੰ ਨੌਕਰੀ ਦਿਵਾਈ ਅਤੇ ਨਾ ਜਸਵੀਰ ਨੂੰ ਵਿਦੇਸ਼ ਭੇਜਿਆ, ਪਰ ਟਿਕਟ ਦੇ ਬਹਾਨੇ ਪੰਜ ਤੋਲੇ ਸੋਨੇ ਦੇ ਗਹਿਣੇ ਲੈ ਗਿਆ। ਪੁਲਸ ਨੇ ਲੰਬੀ ਜਾਂਚ ਦੇ ਬਾਅਦ ਸ਼ੁੱਕਰਵਾਰ ਨੂੰ ਦੋਸ਼ੀ ਖਿਲਾਫ ਕੇਸ ਦਰਜ ਕਰ ਲਿਆ। ਪਤਾ ਲੱਗਾ ਹੈ ਕਿ ਦੋਸ਼ੀ ਨੇ ਰੇਲਵੇ ਰਿਕਰੂਟਮੈਂਟ ਦੀ ਨਕਲੀ ਈਮੇਲ ਆਈ ਡੀ ਬਣਵਾਈ ਅਤੇ ਉਸ ਆਈ ਡੀ ਤੋਂ ਪੀੜਤ ਲੜਕੀ ਨੂੰ ਖੁਦ ਹੀ ਮੇਲ ਭੇਜੀ ਸੀ। ਇਸੇ ਤਰ੍ਹਾਂ ਜਸਵੀਰ ਨੂੰ ਵੀ ਕੈਨੇਡੀਅਨ ਅੰਬੈਸੀ ਦੀ ਆਫੀਸ਼ਲ ਈ-ਮੇਲ ਦੀ ਡੁਪਲੀਕੇਟ ਆਈ ਡੀ ਬਣਾ ਕੇ ਮੇਲ ਕਰ ਦਿੱਤੀ, ਜਿਸ ਨਾਲ ਉਨ੍ਹਾਂ ਨੂੰ ਦੋਸ਼ੀ ਉੱਤੇ ਯਕੀਨ ਹੋ ਗਿਆ ਸੀ।

## ਪ੍ਰੇਮੀ ਨੂੰ ਮਿਲਣ ਪਾਕਿਸਤਾਨ ਜਾ ਰਹੀ ਲੜਕੀ ਗ੍ਰਿਫਤਾਰ

ਅੰਮ੍ਰਿਤਸਰ, 26 ਜੂਨ (ਪੋਸਟ ਬਿਊਰੋ)- ਪਾਕਿਸਤਾਨੀ ਨੌਜਵਾਨ ਦੇ ਪ੍ਰੇਮ ਵਿੱਚ ਫਸ ਕੇ ਮੱਧ ਪ੍ਰਦੇਸ਼ ਦੇ ਰੀਵਾ ਦੀ ਰਹਿਣ ਵਾਲੀ 25 ਸਾਲਾ ਲੜਕੀ ਫਿਜ਼ਾ ਅਟਾਰੀ ਸਰਹੱਦ ਤੋਂ ਪਾਕਿਸਤਾਨ ਜਾਣ ਦੀ ਕੋਸ਼ਿਸ਼ ਵਿੱਚ ਫੜੀ ਗਈ। ਉਹ ਨਿੱਜੀ ਸਕੂਲ ਵਿੱਚ ਅਧਿਆਪਕਾ ਹੈ। ਫਿਜ਼ਾ ਨੇ ਪਾਸ-ਪੋਰਟ ਬਣਵਾਇਆ, ਪਾਕਿ ਦਾ ਤੀਹ ਦਿਨਾਂ ਦਾ ਵੀਜ਼ਾ ਜਾਰੀ ਕਰਵਾਇਆ ਤੇ ਘਰੋਂ ਪੈਸੇ ਲੈ ਕੇ ਨਿਕਲ ਗਈ, ਪਰ ਉਸ ਦੇ ਨਾਂਅ ਉੱਤੇ ਲੁਕਆਊਟ ਸਰਕੂਲਰ ਜਾਰੀ ਹੋ ਚੁੱਕਾ ਹੋਣ ਕਾਰਨ ਅਟਾਰੀ ਸਰਹੱਦ ਉੱਤੇ ਕਸਟਮ ਅਧਿਕਾਰੀਆਂ ਅਤੇ ਬੀ ਐਸ ਐਫ ਨੇ ਉਸ ਨੂੰ ਰੋਕ ਲਿਆ।

ਫਿਜ਼ਾ ਨੇ ਦੱਸਿਆ ਕਿ ਇੱਕ ਸਾਲ ਪਹਿਲਾਂ ਉਸ ਦੀ ਕਰਾਚੀ ਦੇ ਵਸਨੀਕ ਦਿਲਸ਼ਾਦ ਨਾਲ ਦੋਸਤੀ ਹੋਈ ਸੀ। ਦੋਵੇਂ ਦਿਨ ਰਾਤ ਇੱਕ ਦੂਜੇ ਨਾਲ ਗੱਲਬਾਤ ਕਰਦੇ ਸਨ,



ਵੀਡੀਓ ਕਾਲ ਉੱਤੇ ਵੀ ਗੱਲਬਾਤ ਹੁੰਦੀ ਸੀ। ਇੱਕ ਦਿਨ ਦਿਲਸ਼ਾਦ ਨੇ ਕਿਹਾ ਕਿ ਉਹ ਉਸ ਨਾਲ ਨਿਕਾਹ ਕਰਨਾ ਚਾਹੁੰਦਾ ਹੈ। ਉਸ ਦੇ ਕਹਿਣ ਉੱਤੇ ਫਿਜ਼ਾ ਸਭ ਕੁਝ ਛੱਡਣ ਨੂੰ ਤਿਆਰ ਹੋ ਗਈ। ਫਿਜ਼ਾ ਨੂੰ ਤੀਹ ਦਿਨਾਂ ਦਾ ਵੀਜ਼ਾ ਮਿਲਿਆ ਸੀ। ਉਹ 14 ਜੂਨ ਨੂੰ ਘਰੋਂ ਨਿਕਲ ਪਈ ਅਤੇ ਆਪਣਾ ਆਧਾਰ ਕਾਰਡ, ਪਾਸਪੋਰਟ ਵੀਜ਼ਾ ਅਤੇ ਕੁਝ ਨਕਦੀ ਨਾਲ ਲੈ ਆਈ। ਰਿਸ਼ਤੇਦਾਰਾਂ ਨੇ ਕਾਫੀ ਭਾਲ ਕੀਤੀ, ਪਰ ਜਦੋਂ ਨਾ ਮਿਲੀ ਤਾਂ ਪੁਲਸ ਨੂੰ ਸੂਚਨਾ ਦਿੱਤੀ। ਉਨ੍ਹਾ ਨੂੰ ਪਤਾ ਸੀ ਕਿ ਉਹ ਪਾਕਿਸਤਾਨ ਵਿੱਚ ਦਿਲਸ਼ਾਦ ਨਾਂਅ ਦੇ ਨੌਜਵਾਨ ਨਾਲ ਪਿਆਰ ਕਰਦੀ ਸੀ। ਇਸ ਨੌਜਵਾਨ ਦੀ ਮਦਦ ਨਾਲ ਉਸ ਨੂੰ ਪਾਕਿਸਤਾਨ ਦਾ ਵੀਜ਼ਾ ਮਿਲਿਆ ਹੈ। ਪੁੱਛਗਿੱਛ ਦੌਰਾਨ ਉਸ ਨੇ ਮੰਨਿਆ ਕਿ ਉਹ ਦਿਲਸ਼ਾਦ ਨੂੰ ਮਿਲਣ ਜਾ ਰਹੀ ਸੀ। ਕਸਟਮ ਨੇ ਉਸ ਨੂੰ ਪੁਲਸ ਹਵਾਲੇ ਕਰ ਦਿੱਤਾ ਹੈ।

## ਕੁੰਵਰ ਵਿਜੇ ਪ੍ਰਤਾਪ ਨੇ ਅੰਮ੍ਰਿਤਸਰ ਸਰਕਟ ਹਾਊਸ ਨੂੰ ਠੇਕੇ ਉਤੇ ਦੇਣ ਦਾ ਮੁੱਦਾ ਚੁੱਕਿਆ

### * ਸਾਬਕਾ ਡਿਪਟੀ ਮੁੱਖ ਮੰਤਰੀ ਸੋਨੀ ਉੱਤੇ ਗੰਭੀਰ ਦੋਸ਼ ਲਾਏ

ਚੰਡੀਗੜ੍ਹ, 26 ਜੂਨ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੇ ਬੱਜਟ ਇਜਲਾਸ ਦੌਰਾਨ ਅੰਮ੍ਰਿਤਸਰ ਉਤਰੀ ਵਿਧਾਨ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਸਾਬਕਾ ਡਿਪਟੀ ਮੁੱਖ ਮੰਤਰੀ ਓਮ ਪ੍ਰਕਾਸ਼ ਸੋਨੀ ਉੱਤੇ ਗੰਭੀਰ ਦੋਸ਼ ਲਾਏ ਹਨ। ਇਹ ਦੋਸ਼ ਪੀ ਪੀ ਪੀ ਮੋਡ ਉੱਤੇ ਦਿੱਤੇ ਗਏ ਤਿੰਨ ਸਰਕਟ ਹਾਊਸਾਂ ਬਾਰੇ ਲਾਏ ਗਏ ਸਨ। ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਇਸ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

ਵਰਨਣ ਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਅੰਮ੍ਰਿਤਸਰ, ਲੁਧਿਆਣਾ ਤੇ ਜਲੰਧਰ ਦੇ ਸਰਕਟ ਹਾਊਸਾਂ ਨੂੰ ਪੀ ਪੀ ਪੀ (ਪਬਲਿਕ, ਪ੍ਰਾਈਵੇਟ ਪਾਰਟਨਰਸ਼ਿਪ) ਮੋਡ ਉੱਤੇਦੇ ਦਿੱਤਾ ਸੀ। ਕੁੰਵਰ ਨੇ ਦੋਸ਼ ਲਾਇਆ ਹੈ ਕਿ ਇਨ੍ਹਾਂ ਸਰਕਟ ਹਾਊਸਾਂ ਦੀ ਜ਼ਿੰਮੇਵਾਰੀ ਚਮਨ ਲਾਲ ਐਂਡ ਸੰਨਜ਼, ਸਰਵ ਅਲਾਇੰਸ



ਹਾਸਪਿਟੈਲਿਟੀ ਅਤੇ ਸਰੋਵਰ ਹੋਟਲ ਅੰਮ੍ਰਿਤਸਰ ਨੂੰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚੋਂ ਦੋ ਕੰਪਨੀਆਂ ਓ ਪੀ ਸੋਨੀ ਦੇ ਰਿਸ਼ਤੇਦਾਰਾਂ ਦੀਆਂ ਹਨ। ਕੁੰਵਰ ਨੇ ਕਿਹਾ ਕਿ ਸਰਕਟ ਹਾਊਸ ਲੋਕਤੰਤਰ ਦਾ ਪ੍ਰਤੀਕ ਹੈ। ਇਸ ਦੇ ਟਰੱਸਟ ਦਾ ਕੰਮ ਸਾਰੇ ਪ੍ਰਬੰਧਾਂ ਦੀ ਦੇਖਭਾਲ ਕਰਨਾ ਹੈ, ਇਸ ਨੂੰ ਵੇਚਣਾ ਨਹੀਂ। ਉਨ੍ਹਾਂ ਪੁੱਛਿਆ ਹਾਂ ਕਿ ਜਨਰਲ ਪ੍ਰਸ਼ਾਸਨ ਵਿਭਾਗ ਦੀ ਕੀ ਸ਼ਕਤੀ ਹੈ ਕਿ ਉਹ ਇਸ ਨੂੰ ਕਿਸੇ ਪ੍ਰਾਈਵੇਟ ਕੰਪਨੀ ਕੋਲ ਗਿਰਵੀ ਰੱਖਿਆ ਦਿਖਾਏ? ਉਨ੍ਹਾਂ ਅੱਗੇ ਕਿਹਾ ਕਿ ਇਸ ਕੇਸ ਨੂੰ ਕਲੀਅਰ ਕਰਨ ਲਈ ਹੀ ਨਹੀਂ, ਸਗੋਂ ਕਈ ਵੱਡੇ ਕੇਬਲ ਮਾਫੀਆ ਦਾ ਪਰਦਾ ਫਾਸ਼ ਕਰਨ ਲਈ ਵੀ ਜਾਂਚ ਹੋਣੀ ਚਾਹੀਦੀ ਹੈ।

ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਦੋਸ਼ ਲਾਇਆ ਕਿ ਅੰਮ੍ਰਿਤਸਰ ਵਿੱਚ ਸਰੋਵਰ ਹੋਟਲ ਦਾ ਮਾਲਕ ਓ ਪੀ ਸੋਨੀ ਦੇ ਪਰਵਾਰ ਵਿੱਚੋਂ ਹੈ ਅਤੇ ਸਰਵ ਅਲਾਇੰਸ ਹਾਸਪਿਟੈਲਿਟੀ ਦਾ ਡਾਇਰੈਕਟਰ ਸੰਦੀਪ ਸੋਨੀ ਵੀ ਏਸੇ ਤਰ੍ਹਾਂ ਓ ਪੀ ਸੋਨੀ ਦਾ ਰਿਸ਼ਤੇਦਾਰ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਦੇ ਫਸਰਾਂ ਤੋਂ ਪੁੱਛਿਆ ਕਿ ਜਿਨ੍ਹਾਂ ਕੰਪਨੀਆਂ ਨੂੰ ਇਹ ਤਿੰਨੇ ਸਰਕਟ ਹਾਊਸ ਪੀ ਪੀ ਪੀ ਮੋਡ ਉੱਤੇ ਦਿੱਤੇ ਹਨ, ਕੀ ਉਹ ਓ ਪੀ ਸੋਨੀ ਦੇ ਰਿਸ਼ਤੇਦਾਰਾਂ ਨਾਲ ਸਬੰਧਤ ਹਨ? ਉਨ੍ਹਾਂ ਦੇ ਸਵਾਲ ਦੇ ਜਵਾਬ ਵਿੱਚ ਸਰਕਾਰੀ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਜਾਣਕਾਰੀ ਨਹੀਂ। ਕੁੰਵਰ ਨੇ ਵਿਧਾਨ ਸਭਾ ਇਜਲਾਸ ਦੌਰਾਨ ਬੋਲਦੇ ਹੋਏ ਇਸ ਪੂਰੇ ਮਾਮਲੇ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

## ਹਾਈ ਕੋਰਟ ਨੇ ਪੁੱਛਿਆ: ਪੈਦਾ ਹੋਣ ਤੋਂ ਪਹਿਲਾਂ ਕਿਸੇ ਬੱਚੇ ਨੂੰ ਗੋਦ ਕਿਵੇਂ ਦਿੱਤਾ ਜਾ ਸਕਦੈ

ਚੰਡੀਗੜ੍ਹ, 26 ਜੂਨ (ਪੋਸਟ ਬਿਊਰੋ)- ਬੱਚਾ ਗੋਦ ਲੈਣ ਬਾਰੇ ਹਾਈ ਕੋਰਟ ਨੇ ਅਹਿਮ ਫੈਸਲਾ ਦਿੱਤਾ ਹੈ ਕਿ ਕਿਸੇ ਬੱਚੇ ਨੂੰ ਗੋਦ ਲੈਣ ਜਾਂ ਦੇਣ ਦਾ ਸਮਝੌਤਾ ਉਸ ਦੇ ਜਨਮ ਤੋਂ ਪਹਿਲਾਂ ਨਹੀਂ ਕੀਤਾ ਜਾ ਸਕਦਾ। ਜਸਟਿਸ ਐਮ ਐਸ ਰਾਮਚੰਦਰ ਰਾਓ ਨੇ ਮਸਾਂ ਇੱਕ ਮਹੀਨੇ ਦੇ ਬੱਚੇ ਦੇ ਮਾਤਾ-ਪਿਤਾ ਦੀ ਪਟੀਸ਼ਨ ਦਾ ਨਿਪਟਾਰਾ ਕਰਦੇ ਹੋਏ ਇਹ ਫੈਸਲਾ ਦਿੱਤਾ ਅਤੇ ਕਿਹਾ ਕਿ ਹਿੰਦੂ ਅਡਾਪਸ਼ਨ ਐਂਡ ਮੈਂਟਰੈਂਸ ਐਕਟ 1956 ਹੇਠ ਅਜਿਹਾ ਨਿਯਮ ਹੀ ਨਹੀਂ ਕਿ ਜੋ ਬੱਚਾ ਅਜੇ ਪੈਦਾ ਨਹੀਂ ਹੋਇਆ, ਉਸ ਨੂੰ ਕਿਸੇ ਹੋਰ ਨੂੰ ਗੋਦ ਦੇਣ ਜਾਂ ਲੈਣ ਦਾ ਸਮਝੌਤਾ ਕੀਤਾ ਜਾ ਸਕੇ।

ਇਸ ਕੇਸ ਵਿੱਚ ਬੱਚੇ ਦੀ ਮਾਂ ਪੂਜਾ ਰਾਣੀ ਨੇ ਆਪਣੇ ਇੱਕ ਮਹੀਨੇ ਦੇ ਬੱਚੇ ਨੂੰ ਦੂਸਰੇਪੱਖ ਵੱਲੋਂ ਗੈਰ ਕਾਨੂੰਨੀ ਤਰੀਕੇ ਨਾਲ ਲਏ ਜਾਣ ਦੇ ਖਿਲਾਫ ਪਟੀਸ਼ਨ ਦਾਇਰ ਕੀਤੀ ਸੀ। ਇਸ ਮਹਿਲਾ ਨੇ ਹਾਈ ਕੋਰਟ ਨੂੰ ਦੱਸਿਆ ਕਿ ਪਿਛਲੀ 23 ਮਈ ਨੂੰ ਉਸ ਨੇ ਬੇਟੇ ਨੂੰ ਜਨਮ ਦਿੱਤਾ ਸੀ। ਉਸ ਦਾ ਬੱਚਾ ਪੈਦਾ ਹੋਣ ਤੋਂ ਪਹਿਲਾਂ ਦੂਸਰੀ ਧਿਰ ਨੇ ਉਸ ਦੇ ਬੱਚੇ ਨੂੰ ਗੋਦ ਲੈਣ ਦੀ ਇੱਛਾ ਜ਼ਾਹਰ ਕੀਤੀ ਤੇ ਜ਼ਬਰਦਸਤੀ ਉਨ੍ਹਾਂ ਨਾਲ ਇਸ ਦਾ ਸਮਝੌਤਾ ਕਰਵਾ ਲਿਆ ਸੀ। ਉਸ ਨੇ ਦੱਸਿਆ ਕਿ ਬੱਚਾ ਪੈਦਾ ਹੋਣ ਪਿੱਛੋਂ ਦੂਸਰੀ ਧਿਰ ਵਾਲੇ ਉਸ ਦੇ ਬੱਚੇ ਨੂੰ ਜ਼ਬਰਦਸਤੀ ਲੈ ਗਏ। ਮਾਂ ਨੇ ਆਪਣੇ ਬੱਚੇ ਨੂੰ ਵਾਪਸ ਕੀਤੇ ਜਾਣ ਦੀ ਗੁਹਾਰ ਲਾਉਂਦੇ ਹੋਏ ਹਾਈ ਕੋਰਟ ਤੋਂ ਕਿਹਾ ਕਿ ਉਨ੍ਹਾਂ ਨਾਲ ਹੋਇਆ ਸਮਝੌਤਾ ਗੈਰ ਕਾਨੂੰਨੀ ਹੈ। ਦੂਸਰੇ ਪੱਖ ਨੇ ਇਹ ਮੰਨਿਆ ਕਿ ਪਟੀਸ਼ਨਕਰਤਾ ਹੀ ਬੱਚੇ ਦੀ ਮਾਂ ਹੈ। ਹਾਈ ਕੋਰਟ ਨੇ ਦੋਵਾਂ ਧਿਰਾਂ ਦੀ ਦਲੀਲ ਸੁਣਨ ਪਿੱਛੋਂ ਕਿਹਾ ਕਿ ਬੱਚਾ ਪੈਦਾ ਹੋਣ ਤੋਂ ਪਹਿਲਾਂ ਕਿਵੇਂ ਬੱਚੇ ਨੂੰ ਗੋਦ ਲੈਣ ਦਾ ਸਮਝੌਤਾ ਕੀਤਾ ਜਾ ਸਕਦਾ ਹੈ, ਇਸ ਲਈ ਹਾਈ ਕੋਰਟ ਨੇ ਬੱਚੇ ਨੂੰ ਉਸ ਦੀ ਅਸਲ ਮਾਂ ਨੂੰ ਸੌਂਪਣ ਦੇ ਹੁਕਮ ਦਿੰਦੇ ਹੋਏ ਦੂਸਰੀ ਧਿਰ ਨੂੰ ਛੋਟ ਦਿੱਤੀ ਕਿ ਉਹ ਬੱਚੇ ਦੇ ਮਾਪਿਆਂ ਨਾਲ ਕੀਤੇ ਸਮਝੌਤੇ ਬਾਰੇ ਸਬੰਧਤ ਅਦਾਲਤ ਵਿੱਚ ਪਟੀਸ਼ਨ ਦਾਇਰ ਕਰ ਸਕਦੇ ਹਨ।




## ਰੁੱਖ ਨਾਲ ਵੱਜ ਕੇ ਕਾਰ ਨੂੰ ਅੱਗ, ਪਤਨੀ ਦੀ ਮੌਤ, ਪਤੀ ਦੀ ਹਾਲਤ ਗੰਭੀਰ

ਭਵਾਨੀਗੜ੍ਹ, 26 ਜੂਨ (ਪੋਸਟ ਬਿਊਰੋ)- ਪਿੰਡ ਭੱਟੀਵਾਲ ਕਲਾਂ ਤੋਂ ਪਿੰਡ ਘਨੌੜ ਜੱਟਾਂ ਨੂੰ ਨਹਿਰ ਦੀ ਪਟੜੀ ਦੇ ਨਾਲ ਜਾਂਦੀ ਸੜਕ ਉੱਤੇ ਕੱਲ੍ਹ ਬਾਅਦ ਦੁਪਹਿਰੇ ਇੱਕ ਕਾਰ ਨੂੰ ਅੱਗ ਲੱਗ ਜਾਣ ਕਾਰਨ ਕਾਰ ਵਿੱਚ ਸਵਾਰ ਔਰਤ ਜ਼ਿੰਦਾ ਸੜ ਕੇ ਮਾਰੀ ਗਈ ਅਤੇ ਚਾਲਕ ਗੰਭੀਰ ਜ਼ਖਮੀ ਹੋ ਗਿਆ।

ਘਟਨਾ ਸਥਾਨ ਉੱਤੇ ਮੌਜੂਦ ਸਤਨਾਮ ਸਿੰਘ ਨੇ ਦੱਸਿਆ ਕਿ ਉਹ ਆਪਣੀ ਰਿਕਸ਼ਾ ਰੇਹੜੀ ਲੈ ਕੇ ਉਕਤ ਕਾਰ ਦੇ ਪਿੱਛੇ-ਪਿੱਛੇ ਜਾ ਰਿਹਾ ਸੀ। ਜਦੋਂ ਇਹ ਕਾਰ ਪਿੰਡ ਭੱਟੀਵਾਲ ਕਲਾਂ ਤੋਂ ਅੱਗੇ ਨਹਿਰ ਦੀ ਪਟੜੀ ਉਪਰ ਬਣੀ ਸੜਕ ਰਾਹੀਂ ਪਿੰਡ ਘਨੌੜ ਜੱਟਾਂ ਦੇ ਪੁਲ ਤੋਂ ਥੋੜ੍ਹਾ ਅੱਗੇ ਗਈ ਤਾਂ ਅੱਗਿਓਂ ਆਉਂਦੇ ਤੇਜ਼ ਰਫਤਾਰ ਮੋਟਰ ਸਾਈਕਲ ਚਾਲਕ ਨੇ ਉਸ ਨੂੰ ਕੱਟ ਮਾਰ ਦਿੱਤਾ ਅਤੇ ਕਾਰ ਬੇਕਾਬੂ ਹੋ ਕੇ ਸੜਕ ਕੰਢੇ ਖੜ੍ਹੇ ਰੁੱਖ ਨਾਲ ਜਾ ਟਕਰਾਈ ਤੇ ਕਾਰ ਵਿੱਚ ਗੈਸਕਿਟ ਲੱਗੀ ਹੋਣ ਕਾਰਨ ਬਲਾਸਟ ਹੋ ਕੇ ਅੱਗ ਲੱਗ ਗਈ।ਸਤਨਾਮ ਸਿੰਘ ਨੇ ਦੱਸਿਆ ਕਿ ਕਾਰ ਚਾਲਕ ਨਹਿਰ ਵਿੱਚ ਜਾ ਡਿੱਗਾ ਅਤੇ ਉਸ ਦੇ ਨਾਲ ਵਾਲੀ ਸੀਟ ਉੱਤੇ ਬੈਠੀ ਔਰਤ ਅੱਗ ਨਾਲ ਸੜ ਜਾਣ ਕਾਰਨ ਉਸ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਇੱਕ ਰੱਸੇ ਦੀ ਮਦਦ ਨਾਲ ਕਾਰ ਚਾਲਕ ਨੂੰ ਨਹਿਰ ਵਿੱਚੋਂ ਕੱਢਿਆ, ਜੋ ਬੁਰੀ ਤਰ੍ਹਾਂ ਝੁਲਸਿਆ ਪਿਆ ਸੀ ਅਤੇ ਉਸ ਨੂੰ ਇੱਕ ਕਾਰ ਰਾਹੀਂ ਭਵਾਨੀਗੜ੍ਹ ਦੇ ਹਸਪਤਾਲ ਭਰਤੀ ਕਰਾਇਆ, ਜਿੱਥੇ ਉਸ ਦੀ ਗੰਭੀਰ ਹਾਲਤ ਦੇਖ ਕੇ ਉਸ ਨੂੰ ਪਟਿਆਲਾ ਰੈਫਰ ਕਰ ਦਿੱਤਾ ਗਿਆ।ਇਸ ਘਟਨਾ ਮੌਕੇ ਫਾਇਰ ਬ੍ਰਿਗੇਡ ਦੇ ਦੇਰੀ ਨਾਲ ਪਹੁੰਚਣ ਉੱਤੇ ਗੁੱਸੇ ਵਿੱਚ ਆਏ ਲੋਕਾਂ ਨੇ ਫਾਇਰ ਬ੍ਰਿਗੇਡ ਦੀ ਗੱਡੀ ਅੱਗੇ ਖੜ੍ਹੇ ਹੋ ਕੇ ਪੰਜਾਬ ਸਰਕਾਰ ਤੇ ਫਾਇਰ ਬ੍ਰਿਗੇਡ ਵਿਭਾਗ ਵਿਰੁੱਧ ਨਾਅਰੇਬਾਜ਼ੀ ਕੀਤੀ।ਇਸ ਸਮੇਂ ਮੌਜੂਦ ਸੰਸਾਰ ਸਿੰਘ ਪਿੰਡ ਖਾਨਪੁਰ ਫਕੀਰਾਂ ਨੇ ਦੱਸਿਆ ਕਿ ਇਸ ਕਾਰ ਵਿੱਚ ਉਸ ਦੇ ਪਿੰਡ ਦਾ ਬਿਕਰਮਜੀਤ ਸਿੰਘ ਪੁੱਤਰ ਰਾਮਪਾਲ ਸਿੰਘ ਕੱਲ੍ਹ ਆਪਣੀ ਪਤਨੀ ਸਿਮਰਨ ਕੌਰ ਨੂੰ ਦਵਾਈ ਦਿਵਾਉਣ ਲਈ ਪਟਿਆਲਾ ਵਿਖੇ ਗਿਆ ਸੀ ਅਤੇ ਦਵਾਈ ਲੈ ਕੇ ਵਾਪਸ ਪਰਤ ਰਿਹਾ ਸੀ ਕਿ ਉਕਤ ਹਾਦਸਾ ਵਾਪਰ ਗਿਆ।

## ਜਲੰਧਰ ਇੰਪਰੂਵਮੈਂਟ ਟਰੱਸਟ ਨੂੰ ਅਲਾਟੀ ਨੂੰ ਸਾਢੇ 10 ਲੱਖ ਦੇਣ ਦੇ ਹੁਕਮ

ਜਲੰਧਰ, 26 ਜੂਨ (ਪੋਸਟ ਬਿਊਰੋ)- ਇੰਪਰੂਵਮੈਂਟ ਟਰੱਸਟ ਜਲੰਧਰ ਵੱਲੋਂ ਇੰਦਰਾ ਪੁਰਮ ਮਾਸਟਰ ਗੁਰਬੰਤਾ ਸਿੰਘ ਇਨਕਲੇਵ ਵਿੱਚਇੱਕ ਅਲਾਟੀ ਨੂੰ ਕਬਜ਼ਾ ਨਾ ਦੇਣ ਅਤੇ ਕੰਜ਼ਿਊਮਰ ਕੋਰਟ ਵਿੱਚੋਂ ਕੇਸ ਅਲਾਟੀ ਦੇ ਹੱਕ ਵਿੱਚ ਹੋਣ ਕਾਰਨ ਸਾਢੇ 10 ਲੱਖ ਰੁਪਏ ਦੀ ਰਕਮ 31 ਜੁਲਾਈ ਤਕ ਵਾਪਸ ਕਰਨੀ ਹੋਵੇਗੀ।

ਅੰਮ੍ਰਿਤਸਰ ਵਾਸੀ ਪੂਜਾ ਮੈਣੀ ਨੇ ਸਾਲ 2006 ਵਿੱਚ ਇੰਦਰਾ ਪੁਰਮ ਮਾਸਟਰ ਗੁਰਬੰਤਾ ਸਿੰਘ ਇਨਕਲੇਵ ਵਿੱਚ ਫਲੈਟ ਲਈ 4,46,500 ਰੁਪਏ ਦੀ ਰਕਮ ਜਮ੍ਹਾਂ ਕਰਵਾਈ ਸੀ। ਅਲਾਟਮੈਂਟ ਪਿੱਛੋਂ ਅਲਾਟੀ ਪੂਜਾ ਮੈਣੀ ਨੂੰ ਕਬਜ਼ਾ ਨਹੀਂ ਦਿੱਤਾ ਗਿਆ ਤੇ ਜਦੋਂ ਕਬਜ਼ੇ ਲਈ ਅਲਾਟੀ ਨੇ ਟਰੱਸਟ ਨਾਲ ਸੰਪਰਕ ਕੀਤਾ ਤਾਂ 2009 ਵਿੱਚ ਅਲਾਟੀ ਨੂੰ ਕਬਜ਼ਾ ਲੈਣ ਲਈ ਟਰੱਸਟ ਦਾ ਪੱਤਰ ਮਿਲਿਆ, ਪਰ ਅਲਾਟੀ ਨੇ ਜਦੋਂ ਉਥੇ ਜਾ ਕੇ ਦੇਖਿਆ ਤਾਂ ਉਥੇ ਟਰੱਸਟ ਸ਼ਰਤਾਂ ਅਨੁਸਾਰ ਨਾ ਬਿਜਲੀ ਦੀ ਫਿਟਿੰਗ, ਨਾ ਪਾਣੀ ਦੀ ਸਪਲਾਈ, ਨਾ ਐਲ ਪੀ ਜੀ ਗੈਸ ਦੀ ਸਹੂਲਤ ਅਤੇ ਨਾ 45 ਫੁੱਟੀ ਰੋਡ ਸੀ ਅਤੇ ਟੁੱਟੇ ਦਰਵਾਜ਼ੇ ਆਦਿ ਸਨ, ਜਿਸ ਉੱਤੇ ਅਲਾਟੀ ਨੇ ਕਬਜ਼ਾ ਲੈਣ ਤੋਂ ਇਨਕਾਰ ਕਰ ਦਿੱਤਾ। ਇਸ ਪਿੱਛੋਂ ਟਰੱਸਟ ਨੇ ਅਲਾਟੀ ਨੂੰ ਭਰੋਸੇ ਵਿੱਚ ਲੈ ਕੇ ਕਬਜ਼ਾ ਫਾਰਮ ਉੱਤੇ ਧੋਖੇ ਨਾਲ ਦਸਖਤ



ਕਰਵਾ ਲਏ, ਪਰ ਸਹੂਲਤ ਕੋਈ ਨਹੀਂ ਦਿੱਤੀ ਤੇ ਅਲਾਟੀ ਨੂੰ ਚੱਕਰ ਲਵਾਉਣੇ ਸ਼ੁਰੂ ਕਰਵਾ ਦਿੱਤੇ। ਇਸ ਪਿੱਛੋਂ ਅਲਾਟੀ ਪੂਜਾ ਮੈਣੀ ਨੇ ਅੰਮ੍ਰਿਤਸਰ ਦੀ ਕੰਜ਼ਿਊਮਰ ਕੋਰਟ ਵਿੱਚ ਜਲੰਧਰ ਇੰਪਰੂਵੈਂਟ ਟਰੱਸਟਵਿਰੁੱਧ ਛੇ ਅਗਸਤ 2020 ਨੂੰ ਕੇਸ ਕਰ ਦਿੱਤਾ। ਬੀਤੀ 22 ਜੂਨ 2022 ਨੂੰ ਕੰਜ਼ਿਊਮਰ ਕਮਿਸ਼ਨ ਨੇ ਅਲਾਟੀ ਦੇ ਹੱਕ ਵਿੱਚ ਫੈਸਲਾ ਦਿੰਦੇ ਹੋਏ ਇੰਪਰੂਵਮੈਂਟ ਟਰੱਸਟ ਨੂੰ ਹਦਾਇਤ ਕੀਤੀ ਕਿ ਉਹ ਅਲਾਟੀ ਨੂੰ 31 ਜੁਲਾਈ 2022 ਤਕ 10.50 ਲੱਖ ਦੀ ਅਦਾਇਗੀ ਕਰੇ। ਇਸ ਵਿੱਚ ਉਸ ਦੀ ਮੂਲ 4,46,500 ਰਕਮ ਨਾਲ ਤੀਹ ਅਪ੍ਰੈਲ 2010 ਤੋਂ 9 ਫੀਸਦੀ ਵਿਆਜ, ਇੱਕ ਲੱਖ ਰੁਪਏ ਕੰਪਨਸੇਸ਼ਨ ਫੀਸ ਅਤੇ 10 ਹਜ਼ਾਰ ਰੁਪਏ ਲਿਟੀਗੇਸ਼ਨ ਫੀਸ ਸ਼ਾਮਲ ਹੈ,ਜੋ ਕੁੱਲ ਮਿਲਾ ਕੇ 10.50 ਲੱਖ ਰੁਪਏ ਦਾ ਭੁਗਤਾਨ ਬਣਦਾ ਹੈ, 31 ਜੁਲਾਈ 2022 ਤਕ ਕੀਤਾ ਜਾਵੇ।

## ਭਾਜਪਾ ਕੌਂਸਲਰ ਦੇ ਰਿਸ਼ਤੇਦਾਰ ਨੂੰ ਗੋਲੀ ਮਾਰੀ, ਹਾਲਤ ਗੰਭੀਰ

ਲੁਧਿਆਣਾ, 26 ਜੂਨ (ਪੋਸਟ ਬਿਊਰੋ)- ਥਾਣਾ ਡਵੀਜ਼ਨ ਨੰਬਰ ਤਿੰਨ ਤੋਂ ਪੰਜਾਹ ਮੀਟਰ ਦੂਰ ਕੱਲ੍ਹ ਗੋਲੀਆਂ ਚੱਲੀਆਂ। ਇਸ ਦੌਰਾਨ ਇੱਕ ਗੋਲੀ ਭਾਜਪਾ ਕੌਂਸਲਰ ਯਸ਼ਪਾਲ ਚੌਧਰੀ ਦੇ ਰਿਸ਼ਤੇਦਾਰ ਦੇ ਪੇਟ ਵਿੱਚ ਲੱਗੀ। ਉਸ ਨੂੰ ਸੀ ਐਮ ਸੀ ਹਸਪਤਾਲ ਭਰਤੀ ਕਰਵਾਇਆ ਗਿਆ, ਜਿੱਥੇ ਉਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

18 ਸਾਲਾ ਕਾਰਤਿਕ ਆਪਣੇ ਪਰਵਾਰ ਨਾਲ ਬਾਗਾਨ ਘਾਟੀ ਮੁਹੱਲੇ ਵਿੱਚ ਇੱਕ ਧਾਰਮਿਕ ਸਥਾਨ ਉੱਤੇ ਚੱਲ ਰਹੇ ਪ੍ਰੋਗਰਾਮ ਵਿੱਚ ਗਿਆ ਸੀ। ਉਸ ਦੇ ਦੋਸਤ ਅਕਸ਼ੈ ਨੇ ਦੱਸਿਆ ਕਿ ਕਾਰਤਿਕ ਦੀ ਮਾਤਾ ਮੱਥਾ ਟੇਕਣ ਪਿੱਛੋਂ ਘਰ ਚਲੀ ਗਈ ਅਤੇ ਉਹ ਰਿਸ਼ਤੇਦਾਰਾਂ ਤੇ ਦੋਸਤਾਂ ਨਾਲ ਮੋਟਰ ਸਾਈਕਲ ਉੱਤੇ ਘੁੰਮਣ ਚਲਾ ਗਿਆ। ਨੌਲੱਖਾ ਗਾਰਡਨ ਕਾਲੋਨੀ ਦੇ ਗੇਟ ਨੇੜੇ ਅਚਾਨਕ ਤਿੰਨ-ਚਾਰ ਮੋਟਰ ਸਾਈਕਲਾਂ ਉੱਤੇ ਕੁਝ ਨੌਜਵਾਨਾਂ ਨੇ ਕਾਰਤਿਕ ਵੱਲ ਗੋਲੀਆਂ ਚਲਾ ਦਿੱਤੀਆਂ। ਇਸ ਦੌਰਾਨ ਇੱਕ ਗੋਲੀ ਉਸ ਦੇ ਪੇਟ ਵਿੱਚ ਲੱਗੀ। ਕਾਰਤਿਕ ਨੂੰ ਸੀ ਐਮ ਸੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ, ਜਿੱਥੇ ਉਸ ਦੀ ਹਾਲਤ ਗੰਭੀਰ ਹੈ।ਜ਼ਖਮੀ ਕਾਰਤਿਕ ਦੇ ਪਰਵਾਰ ਵਾਲੇ ਬੇਟੇ ਦੀ ਕਿਸੇ ਨਾਲ ਰੰਜਿਸ਼ ਜਾਂ ਕੋਈ ਵਿਵਾਦ ਹੋਣ ਤੋਂ ਇਨਕਾਰ ਕਰ ਰਹੇ ਹਨ, ਪਰਘਟਨਾ ਵਾਲੀ ਥਾਂ ਇਹ ਚਰਚਾ ਰਹੀ ਕਿ ਲੁਧਿਆਣਾ ਸੈਂਟਰਲ ਜੇਲ੍ਹ ਵਿੱਚ ਬੰਦ ਇੱਕ ਗੈਂਗਸਟਰ ਨੇ ਆਪਣੇ ਗੁਰਗਿਆਂ ਤੋਂ ਕਾਰਤਿਕ ਉੱਤੇ ਹਮਲਾ ਕਰਵਾਇਆ ਹੈ।

## ਟ੍ਰੇਂਡ ਪਾਇਲਟਾਂ ਦੀ ਕਮੀ: ਏਅਰ ਇੰਡੀਆ ਰਿਟਾਇਰਡ ਪਾਇਲਟਾਂ ਨੂੰ ਕਮਾਂਡਰ ਨਿਯੁਕਤ ਕਰੇਗੀ

### * 65 ਸਾਲ ਦੀ ਉਮਰ ਤਕ ਸਰਵਿਸ ਕਰ ਸਕਣਗੇ

ਜਲੰਧਰ, 26 ਜੂਨ (ਪੋਸਟ ਬਿਊਰੋ)- ਟਾਟਾ ਸਮੂਹ ਦੀ ਮਾਲਕੀ ਵਾਲੀ ਏਅਰ ਇੰਡੀਆ ਨੇ ਸੇਵਾ ਤੋਂ ਰਿਟਾਇਰ ਹੋ ਚੁੱਕੇ ਪਾਇਲਟਾਂ ਨੂੰ ਮੁੜ ਨੌਕਰੀ ਦੀ ਪੇਸ਼ਕਸ਼ ਕੀਤੀ ਹੈ। ਏਅਰ ਇੰਡੀਆ ਦੇ ਆਪਰੇਸ਼ਨ ਵਿੱਚਲਗਾਤਾਰਤਾ ਲਈ ਇਸ ਕੰਪਨੀ ਨੇ ਰਿਟਾਇਰ ਹੋ ਚੁੱਕੇ ਪਾਇਲਟਾਂ ਨੂੰ ਪੰਜ ਸਾਲਾਂ ਲਈ ਮੁੜ ਨੌਕਰੀ ਉੱਤੇ ਰੱਖਣ ਦਾ ਫੈਸਲਾ ਲਿਆ ਹੈ।

ਵਰਨਣ ਯੋਗ ਹੈ ਕਿ ਇਹ ਕੰਪਨੀ 300 ਜਹਾਜ਼ਾਂ ਦੀ ਰਿਕੁਆਇਰਮੈਂਟ ਬਾਰੇ ਗੱਲ ਚਾਲ ਰਹੀ ਹੈ। ਇਸ ਲਈ ਉਨ੍ਹਾਂ ਦੇ ਆਪਰੇਸ਼ਨ ਲਈ ਪਾਇਲਟਾਂ ਦੀ ਲੋੜ ਕਾਰਨ ਏਅਰ ਇੰਡੀਆ ਪੰਜ ਸਾਲਾਂ ਲਈ ਮੁੜ ਨੌਕਰੀ ਕਰਨਾ ਚਾਹੁੰਦੇ ਪਾਇਲਟਾਂ ਨੂੰ ਕਮਾਂਡਰ ਨਿਯੁਕਤ ਕਰਨਬਾਰੇ ਸੋਚ ਰਹੀ ਹੈ।ਪਾਇਲਟ ਕਿਸੇ ਵੀ ਏਅਰਲਾਈਨ ਲਈ ਸਭ ਤੋਂ ਮਹਿੰਗੇ ਮੁਲਾਜ਼ਮ ਹੁੰਦੇ ਹਨ ਅਤੇ ਕੰਪਨੀ ਕੈਬਿਨ ਕਰੂ ਅਤੇ ਜਹਾਜ਼ ਦੀ ਸੰਭਾਲ ਲਈ ਇੰਜੀਨੀਅਰਾਂ ਵਰਗੀਆਂ ਹੋਰ ਭੂਮਿਕਾਵਾਂ ਦੇ ਮੁਕਾਬਲੇ ਸਭ ਤੋਂ ਵੱਧਤਨਖਾਹ ਪਾਇਲਟਾਂ ਨੂੰ ਹੀ ਦੇਂਦੀ ਹੈ। ਘਰੇਲੂ ਹਵਾਬਾਜ਼ੀ ਉਦਯੋਗ ਵਿੱਚ ਟ੍ਰੇਂਡ ਪਾਇਲਟਾਂ ਦੀ ਕਮੀ ਹਮੇਸ਼ਾ ਤੋਂ ਵੱਡਾ ਮੁੱਦਾ ਰਿਹਾ ਹੈ।ਏਅਰ ਇੰਡੀਆ ਵਿੱਚ ਪਾਇਲਟਾਂ ਦੀ ਰਿਟਾਇਰਮੈਂਟ ਉਮਰ ਹੋਰ ਕਰਮਚਾਰੀਆਂ ਵਾਂਗ 58 ਸਾਲ ਹੈ। ਕੋਵਿਡ ਮਹਾਮਾਰੀ ਤੋਂ ਪਹਿਲਾਂ ਏਅਰ ਇੰਡੀਆ ਰਿਟ-ਾਇਰ ਹੋ ਚੁੱਕੇ ਆਪਣੇ ਪਾਇਲਟਾਂ ਨੂੰ ਕੰਟ੍ਰੈਕਟ



ਬੇਸਿਸ ਉੱਤੇ ਰੱਖਦੀ ਸੀ, ਪਰ ਮਾਰਚ 2020 ਦੇ ਅਖੀਰ ਤਕ ਇਸ ਨੂੰ ਬੰਦ ਕਰ ਦਿੱਤਾ ਸੀ। ਹੋਰ ਨਿੱਜੀ ਏਅਰਲਾਈਨਾਂ ਦੇ ਪਾਇਲਟ ਅਜੇ ਵੀ 65 ਸਾਲ ਦੀ ਉਮਰ ਤਕ ਜਹਾਜ਼ ਉਡਾ ਰਹੇ ਹਨ।

ਇੱਕ ਸੀਨੀਅਰ ਅਫਸਰ ਮੁਤਾਬਕ ਏਅਰਲਾਈਨ ਨੇ ਰਿਟਾਇਰ ਹੋ ਚੁੱਕੇ ਪਾਇਲਟਾਂ ਦੀ ਪੰਜ ਸਾਲ ਨੌਕਰੀ ਲਈ 23 ਜੂਨ ਤਕ ਸਹਿਮਤੀ ਮੰਗੀ ਸੀ। ਤਿੰਨ ਸਾਲ ਪਹਿਲਾਂ ਰਿਟਾਇਰ ਹੋ ਚੁੱਕੇ ਪਾਇਲਟਾਂ ਨੂੰ ਏਅਰਲਾਈਨ ਨੇ ਚਿੱਠੀ ਭੇਜੀ ਹੈ। ਏਅਰ ਇੰਡੀਆ ਦੇ ਡਿਪਟੀ ਜਨਰਲ ਮੈਨੇਜਰ ਵਿਕਾਸ ਗੁਪਤਾ ਨੇ ਇੱਕ ਈ-ਮੇਲ ਵਿੱਚ ਕਿਹਾ ਕਿ ਏਅਰ ਇੰਡੀਆ ਵਿੱਚ ਕਮਾਂਡਰ ਵਜੋਂ ਪੰਜ ਸਾਲਾਂ ਮਿਆਦ ਜਾਂ 65 ਸਾਲ ਦੀ ਉਮਰ ਤਕ ਦੇ ਰਿਟਾਇਰ ਹੋ ਚੁੱਕੇ ਪਾਇਲਟਾਂ ਦੀ ਨਿਯੁਕਤੀਉੱਤੇ ਵਿਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰਿਟਾਇਰਮੈਂਟ ਤੋਂ ਬਾਅਦ ਦੇ ਕੰਟ੍ਰੈਕਟ ਦੀ ਮਿਆਦ ਹੇਠ ਪਾਇਲਟਾਂ ਨੂੰ ਏਅਰ ਇੰਡੀਆ ਦੀ ਪਾਲਿਸੀ ਮੁਤਾਬਕ ਤਨਖਾਹ ਅਤੇ ਉਡਾਣ ਭੱਤੇ ਦਿੱਤੇ ਜਾਣਗੇ।

ਸੁਪਰੀਮ ਕੋਰਟ ਨੇ ਕਿਹਾ:

## ਨਜ਼ਰਬੰਦੀ ਕਾਨੂੰਨ ਦੀ ਲਗਾਤਾਰ ਵਰਤੋਂ ਨਹੀਂ ਹੋ ਸਕਦੀ



ਨਵੀਂ ਦਿੱਲੀ, 26 ਜੂਨ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਸਾਫ ਕਿਹਾ ਹੈ ਕਿ ਨਜ਼ਰਬੰਦੀ ਕਾਨੂੰਨ ਦੀਆਂ ਤਾਕਤਾਂ ਅਸਾਧਾਰਨ ਹਨ, ਇਨ੍ਹਾਂ ਦੀ ਲਗਾਤਾਰ ਵਰਤੋਂ ਨਹੀਂ ਕੀਤੀ ਜਾ ਸਕਦੀ, ਕਿਉਂਕਿ ਇਹ ਕਾਨੂੰਨ ਕਿਸੇ ਵਿਅਕਤੀ ਦੀ ਸੁਤੰਤਰਤਾ ਅਤੇ ਨਿੱਜਤਾ ਉੱਤੇ ਤਿੱਖਾ ਹਮਲਾ ਕਰਦਾ ਹੈ।

ਪਿਛਲੇ ਸਾਲ ਅਕਤੂਬਰ ਵਿੱਚ ਤੇਲੰਗਾਨਾ ਦੇ ਦੋ ਵਿਅਕਤੀਆਂ ਨੂੰ ਨਜ਼ਰਬੰਦ ਕਰਨ ਦਾ ਫੈਸਲਾ ਰੱਦ ਕਰਦੇ ਹੋਏ ਸੁਪਰੀਮ ਕੋਰਟ ਨੇ ਇਹ ਟਿੱਪਣੀ ਕੀਤੀ ਹੈ।ਰਾਚਕੋਂਡਾ ਦੇ ਪੁਲਸ ਕਮਿਸ਼ਨਰ ਨੇ ਸੋਨੇ ਦੀ ਚੇਨ ਝਪਟਣ ਦੇ ਦੋਸ਼ ਵਿੱਚ ਦੋ ਵਿਅਕਤੀਆਂ ਦੀ ਨਜ਼ਰਬੰਦੀ ਦਾ ਹੁਕਮ ਜਾਰੀ ਕੀਤਾ ਸੀ। ਲੁੱਟਖੋਹ ਦੇ ਚੱਕਰ ਵਿੱਚ ਦੋਵਾਂ ਦੋਸ਼ੀਆਂ ਨੇ ਕਈ ਔਰਤਾਂ ਨੂੰ ਨਿਸ਼ਾਨਾ ਬਣਾਇਆ ਸੀ। ਨਜ਼ਰਬੰਦੀ ਦੇ ਖਿਲਾਫ ਤੇਲੰਗਾਨਾ ਹਾਈ ਕੋਰਟ ਦੇ 25 ਮਾਰਚ ਦੇ ਹੁਕਮ ਨੂੰ ਦੋਵਾਂ ਦੋਸ਼ੀਆਂ ਨੇ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ।ਜਸਟਿਸ ਸੀ ਟੀ ਰਵੀਕੁਮਾਰ ਤੇ ਜਸਟਿਸ ਸੁਧਾਂਸ਼ੂ ਧੂਲੀਆ ਦੀ ਬੈਂਚ ਨੇ ਕਿਹਾ, ਅਧਿਕਾਰੀਆਂ ਅਨੁਸਾਰ ਨਜ਼ਰਬੰਦ ਬਣਾਏ ਦੋਵੇਂ ਨੌਜਵਾਨ ਤੀਹ ਤੋਂ ਵੱਧ ਕੇਸਾਂ ਵਿੱਚ ਸ਼ਾਮਲ ਸਨ, ਪ੍ਰੰਤੂ ਚੇਨ ਖੋਹਣ ਦੇ ਕੇਵਲ ਚਾਰ ਕੇਸਾਂ ਨੂੰ ਨਜ਼ਰਬੰਦੀ ਦਾ ਆਧਾਰ ਮੰਨਿਆ ਹੈ, ਕਿਉਂਕਿ ਬਾਕੀ ਕੇਸ ਪੁਰਾਣੇ ਅਤੇ ਕਮਿਸ਼ਨਰੀ ਦੇ ਅਧਿਕਾਰ ਖੇਤਰ ਤੋਂ ਬਾਹਰ ਦੇ ਸਨ।ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਇਨ੍ਹਾਂ ਚਾਰ ਕੇਸਾਂ ਵਿੱਚ ਜੁਰਮ ਪਿਛਲੇ ਸਾਲ ਛੇ ਮਈ ਤੋਂ 26 ਜੁਲਾਈ ਦਰਮਿਆਨ ਕੀਤੇ ਗਏ ਸਨ। ਇਨ੍ਹਾਂ ਕੇਸਾਂ ਵਿਚ ਮੈਜਿਸਟਰੇਟ ਨੇ ਦੋਵਾਂ ਬੰਦੀਆਂ ਨੂੰ ਜ਼ਮਾਨਤ ਦੇ ਦਿੱਤੀ ਸੀ। ਸੁਪਰੀਮ ਕੋਰਟ ਨੇ 22 ਜੂਨ ਨੂੰ ਬੰਦੀਆਂ ਦੀਆਂ ਪਤਨੀਆਂ ਵੱਲੋਂਪੇਸ਼ ਦੋ ਵੱਖ-ਵੱਖ ਪਟੀਸ਼ਨਾਂ ਉੱਤੇ ਫੈਸਲਾ ਦਿੱਤਾ ਹੈ।ਆਪਣੇ ਫੈਸਲੇ ਵਿੱਚ ਸੁਪਰੀਮ ਕੋਰਟ ਨੇ ਕਿਹਾ ਕਿ ਨਜ਼ਰਬੰਦੀ ਕਾਨੂੰਨ ਲਾਗੂ ਕਰਨ ਦੇ ਪਿੱਛੇ ਅਧਿਕਾਰੀਆਂ ਨੇ ਇੱਕ ਕਾਰਨ ਦੱਸਿਆ ਕਿ ਬੰਦੀਆਂ ਨੂੰ ਸਾਰੇ ਚਾਰ ਕੇਸਾਂ ਵਿੱਚ ਜ਼ਮਾਨਤ ਮਿਲ ਗਈ ਸੀ। ਇਸ ਪਿੱਛੋਂ ਉਹ ਫਿਰ ਇਸੇ ਤਰ੍ਹਾਂ ਦੇ ਅਪਰਾਧ ਕਰ ਸਕਦੇ ਸਨ। ਅਦਾਲਤ ਨੇ ਕਿਹਾ ਕਿ ਇਸ ਕੇਸ ਵਿੱਚ ਦੋ ਵਿਅਕਤੀਆਂ ਖਿਲਾਫ ਨਜ਼ਰਬੰਦੀ ਕਾਨੂੰਨ ਲਾਗੂ ਕਰਨਾ ਸਹੀ ਨਹੀਂ। ਬੈਂਚ ਨੇ ਨਜ਼ਰਬੰਦੀ ਫੈਸਲੇ ਦੇ ਨਾਲ ਹਾਈ ਕੋਰਟ ਦਾ ਫੈਸਲਾ ਵੀ ਰੱਦ ਕਰ ਦਿੱਤਾ।

# ਭਾਜਪਾ ਨੇ ਬੈਂਕਾਂ ਨਾਲ ਫਰਾਡ ਕਰਨ ਵਾਲੀ ਡੀ ਐਚ ਐਫ ਐਲ ਕੰਪਨੀ ਤੋਂ ਕਰੋੜਾਂ ਦਾ ਚੰਦਾ ਲਿਆ: ਕਾਂਗਰਸ

ਨਵੀਂ ਦਿੱਲੀ, 26 ਜੂਨ (ਪੋਸਟ ਬਿਊਰੋ)- ਕਾਂਗਰਸ ਨੇ ਕੱਲ੍ਹ ਦੋਸ਼ ਲਾਇਆ ਕਿ ਭਾਰਤੀ ਜਨਤਾ ਪਾਰਟੀ ਨੇ ਬੈਂਕਾਂ ਨਾਲ ਧੋਖਾਧੜੀ ਦੇ ਦੋਸ਼ਾਂ ਵਿੱਚ ਘਿਰੀ ਹੋਈ ਕੰਪਨੀ ਡੀ ਐਚ ਐਫ ਐਲ ਅਤੇ ਉਨ੍ਹਾਂ ਨਾਲ ਸਬੰਧਤ ਕੰਪਨੀਆਂ ਦੇ ਮਾਲਕਾਂ ਕੋਲੋਂ ਕਰੋੜਾਂ ਰੁਪਏ ਦਾ ਚੰਦਾ ਲਿਆ ਅਤੇ ਇਹ ਗੱਲ ਜਨਤਾ ਤੋਂ ਲੁਕੀ ਹੋਈ ਹੈ।



ਇਸ ਬਾਰੇ ਕਾਂਗਰਸ ਪਾਰਟੀ ਦੀ ਬੁਲਾਰਾ ਸੁਪ੍ਰੀਆ ਸ੍ਰੀਨੇਤ ਨੇ ਪੁੱਛਿਆ ਕਿ ਭਾਜਪਾ ਇਹ ਚੰਦਾ ਕਿਉਂ ਲੈਂਦੀ ਰਹੀ ਅਤੇ ਕੀ ਇਹ ਇੱਕ ਦੂਜੇ ਦੇ ਹਿੱਤਾਂ ਨੂੰ ਫਾਇਦਾ ਪੁਚਾਉਣ ਦਾ ਮਾਮਲਾ ਹੈ? ਕਾਂਗਰਸ ਦੇ ਇਸ ਦੋਸ਼ ਉੱਤੇ ਭਾਜਪਾ ਵੱਲੋਂ ਕੋਈ ਪ੍ਰਤੀਕਿਰਿਆ ਨਹੀਂ ਆਈ।ਸੁਪ੍ਰਿਆ ਨੇ ਪੱਤਰਕਾਰਾਂ ਨੂੰ ਕਿਹਾ, ‘‘ਭਾਰਤ ਦੀ ਅੱਜ ਤਕ ਦੀ ਸਭ ਤੋਂ ਵੱਡੀ ਬੈਂਕਿੰਗ ਧੋਖਾਧੜੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨੱਕ ਹੇਠ ਹੋਈ ਹੈ ਅਤੇ ਡੀ ਐਚ ਐਫ ਐਲ ਨੇ 17 ਬੈਂਕਾਂ ਨਾਲ 34,615 ਕਰੋੜ ਰੁਪਏ ਤੋਂ ਵੱਧ ਦੀ ਧੋਖਾਧੜੀ ਕੀਤੀ, ਪਰ ਚਿੰਤਾ ਦੀ ਗੱਲ ਹੈ ਕਿ ਇਸ ਵੱਡੀ ਧੋਖਾਧੜੀ ਦੇ ਸਿੱਧੇ ਸਬੰਧ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨਾਲ ਜੁੜਦੇ ਹਨ।ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਨੇ ਇਸ ਕੰਪਨੀ ਦੇ ਦਾਗੀ ਕੰਪਨੀ ਮਾਲਕਾਂ ਅਤੇ ਸਬੰਧਤ ਕੰਪਨੀਆਂ ਤੋਂ 27.5 ਕਰੋੜ ਰੁਪਏ ਤੋਂ ਵੱਧ ਚੰਦਾ ਲਿਆ ਹੈ।'' ਉਨ੍ਹਾਂ ਪੁੱਛਿਆ, ‘‘ਕੀ ਇਹ ਪੈਸੇ ਇਨ੍ਹਾਂ ਸ਼ੱਕੀ ਲੋਕਾਂ ਨੂੰ ਧੋਖਾਧੜੀ ਕਰਨ ਦੀ ਇਜਾਜ਼ਤ ਦੇਣ ਲਈਰਿਸ਼ਵਤ ਸੀ?''ਉਨ੍ਹਾ ਨੇ ਇਹ ਵੀ ਪੁੱਛਿਆ, ‘‘ਸਰਕਾਰ ਬੈਂਕ ਧੋਖਾਧੜੀ ਉੱਤੇ ਕਾਬੂ ਪਾਉਣ ਅਤੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਲਈ ਕੀ ਕਰ ਰਹੀ ਹੈ? ਇਸ ਪੈਸੇ ਦੀ ਰਿਕਵਰੀ ਅਤੇ ਨੀਰਵ ਮੋਦੀ, ਮੇਹੁਲ ਚੋਕਸੀ, ਵਿਜੇ ਮਾਲਿਆ ਵਰਗੇ ਲੋਕਾਂ ਖਿਲਾਫ ਕੇਸਾਂ ਦੀ ਕੀ ਅਪਡੇਟ ਹੈ?''

# ਤਾਈਵਾਨ ਤੋਂ ਅਮਰੀਕੀ ਜਹਾਜ਼ ਦੀ ਉਡਾਣ ਨਾਲ ਚੀਨ ਭੜਕਿਆ

ਬੀਜਿੰਗ, 26 ਜੂਨ (ਪੋਸਟ ਬਿਊਰੋ)- ਤਾਈਵਾਨ ਤੋਂ ਇੱਕ ਅਮਰੀਕੀ ਜਹਾਜ਼ ਦੇ ਉਡਾਣ ਭਰਨ ਤੋਂ ਭੜਕੇ ਹੋਏ ਚੀਨ ਨੇ ਕਿਹਾ ਹੈ ਕਿ ਇਸ ਨਾਲ ਖੇਤਰੀ ਸਥਿਤੀ ਵਿੱਚ ਵਿਘਨ ਪੈਦਾ ਹੋਇਆ ਹੈ ਤੇ ਇਸ ਨਾਲ ਸ਼ਾਂਤੀ ਤੇ ਸਥਿਰਤਾ ਖਤਰੇ ਵਿੱਚ ਪੈ ਗਈ ਹੈ। ਚੀਨ ਦੇ ਇਸ ਬਿਆਨ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ।



ਪੀਪਲਜ਼ ਲਿਬਰੇਸ਼ਨ ਆਰਮੀ ਦੇ ਈਸਟਰਨ ਥੀਏਟਰ ਕਮਾਂਡ ਦੇ ਬੁਲਾਰੇ ਕਰਨਲ ਸ਼ੀ ਯੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਫੌਜ ਨੇ ਸ਼ੁੱਕਰਵਾਰ ਅਮਰੀਕੀ ਜਹਾਜ਼ਾਂ ਦੀ ਨਿਗਰਾਨੀ ਲਈ ਹਵਾਈ ਤੇ ਜ਼ਮੀਨੀ ਬਲਾਂ ਦਾ ਆਯੋਜਨ ਕੀਤਾ ਸੀ।ਕਰਨਲ ਸ਼ੀ ਯੀ ਨੇ ਕਿਹਾ ਕਿ ਉਨ੍ਹਾਂ ਅਮਰੀਕਾ ਦੀ ਕਾਰਵਾਈ ਦੀ ਸਖਤ ਵਿਰੋਧ ਕੀਤਾ ਹੈ। ਉਨ੍ਹਾਂ ਦੀ ਫੌਜ ਅਲਰਟ ਮੋਡ ਉੱਤੇ ਹੈ। ਵਰਨਣ ਯੋਗ ਹੈ ਕਿ ਤਾਈਵਾਨ ਬਾਰੇ ਅਮਰੀਕਾ ਤੇ ਚੀਨ ਵਿੱਚ ਤਣਾਅ ਜਾਰੀ ਹੈ। ਜਾਪਾਨ ਵਿੱਚ ਹੋਈ ਕਵਾਡ ਮੈਂਬਰਾਂ ਦੀ ਬੈਠਕ ਵਿੱਚ ਅਮਰੀਕਾ ਨੇ ਚੀਨ ਨੂੰ ਚਿਤਾਵਨੀ ਦਿੱਤੀ ਸੀ ਕਿ ਜੇ ਉਹ ਤਾਈਵਾਨ ਉੱਤੇ ਕਿਸੇ ਤਰ੍ਹਾਂ ਦੀ ਫੌਜੀ ਕਾਰਵਾਈ ਕਰਦਾ ਹੈ ਤਾਂ ਉਸ ਦਾ ਜਵਾਬ ਦੇਣ ਤੋਂ ਅਮਰੀਕਾ ਪਿੱਛੇ ਨਹੀਂ ਰਹੇਗਾ। ਤਾਈਵਾਨ ਬਾਰੇ ਆਪਣੀ ਨੀਤੀ ਉੱਤੇ ਅਮਰੀਕਾ ਕੋਈ ਬਦਲਾਅ ਨਹੀਂ ਕਰੇਗਾ।ਪਿੱਛੇ ਜਿਹੇ ਅਮਰੀਕਾ ਦੇ ਰੱਖਿਆ ਸੈਕਟਰੀ ਲਾਇਡ ਆਸਟਿਨ ਨੇ ਚੀਨ ਉੱਤੇ ਇੱਕ ਬਿਆਨ ਦਿੱਤਾ ਅਤੇ ਕਿਹਾ ਸੀ ਕਿ ਚੀਨ ਦੀ ਹਮਲਾਵਰ ਤੇ ਖਤਰਨਾਕ ਕਾਰਵਾਈ ਏਸ਼ੀਆ ਵਿੱਚ ਸਥਿਰਤਾ ਲਈ ਖਤਰਾ ਹੈ। ਚੀਨ ਦੇ ਵਿਦੇਸ਼ ਮੰਤਰੀ ਬੇਈ ਫੇਂਘੇ ਨੇ ਇਸਦਾ ਜਵਾਬ ਦਿੰਦਿਆਂ ਕਿਹਾ ਕਿ ਕਿਸੇ ਨੂੰ ਵੀ ਖੇਤਰੀ ਖੁਸ਼ਹਾਲੀ ਦੀ ਰੱਖਿਆ ਲਈ ਚੀਨੀ ਫੌਜੀ ਬਲਾਂ ਦੇ ਸੰਕਲਪ ਤੇ ਸਮਰੱਥਾ ਨੂੰ ਘੱਟ ਕਰ ਕੇ ਦੇਖਣਾ ਨਹੀਂ ਚਾਹੀਦਾ।

## ਸਿੱਧੂ ਮੂਸੇਵਾਲਾ ਦੇ ਗੀਤ ਦੇ ਜਵਾਬ ਵਿੱਚ ਹਰਿਆਣਵੀ ਗਾਇਕਾਂ ਨੇ ਵੀ ਗੀਤ ਲਾਂਚ ਕਰ ਦਿੱਤਾ




ਰੋਹਤਕ, 26 ਜੂਨ (ਪੋਸਟ ਬਿਊਰੋ)- ਪੰਜਾਬ ਦੇ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੇ ਕਈ ਦਿਨ ਪਿੱਛੋਂ ਰਿਲੀਜ਼ ਹੋਏ ਗੀਤ ਨੇ ਜਿੱਥੇ ਸਤਲੁਜ-ਜਮਨਾ ਲਿੰਕ (ਐਸ ਵਾਈ ਐਲ) ਨਹਿਰ ਦੇ ਰੇੜਕੇ ਨੂੰ ਤਾਜ਼ਾ ਕਰ ਦਿੱਤਾ ਹੈ, ਉਥੇ ਹੀ ਆਪਸੀ ਭਾਈਚਾਰੇ ਅਤੇ ਰਾਸ਼ਟਰਵਾਦ ਦੀ ਭਾਵਨਾ ਨੂੰ ਵੀ ਠੇਸ ਲਾਉਣ ਦੀਆਂ ਗੱਲਾਂ ਵੀ ਚੱਲ ਪਈਆਂ ਹਨ।

ਮੂਸੇਵਾਲਾ ਦੇ ਇਸ ਗੀਤ ਦਾ ਜਵਾਬ ਦੇਣ ਲਈ ਹਰਿਆਣੇ ਦੇ ਗਾਇਕ ਮੈਦਾਨ ਵਿੱਚ ਉਤਰ ਪਏ ਹਨ। ਉਨ੍ਹਾਂ ਨੇ ਆਪੋ-ਆਪਣੇ ਤਰੀਕੇ ਨਾਲ ਗੀਤ ਰਿਲੀਜ਼ ਕਰ ਕੇ ਇਸ ਦਾ ਜਵਾਬ ਦਿੱਤਾ ਹੈ। ਰਾਮਕੇਸ਼ ਜੀਵਨਪੁਰੀਆ ਨੇ ਐਸ ਵਾਈ ਐਲ ਦੇ ਪਾਣੀ ਉੱਤੇ ਹਰਿਆਣਾ ਦਾ ਹੱਕ ਅਤੇ ਹਰਿਆਣਾ-ਪੰਜਾਬ ਦੇ ਆਪਸੀ ਭਾਈਚਾਰੇ ਬਾਰੇ ਗੀਤ ਰਿਲੀਜ਼ ਕੀਤਾ ਹੈ, ਜਿਸ ਨੂੰ ਦੋ ਘੰਟੇ ਵਿੱਚ ਪੰਜਾਹ ਹਜ਼ਾਰ ਤੋਂ ਵੱਧ ਵਿਊਜ਼ ਮਿਲ ਗਏ। ਇਸੇ ਤਰ੍ਹਾਂ ਹਰਿਆਣਵੀ ਸਿੰਗਰ ਮਾਸੂਮ ਸ਼ਰਮਾ ਨੇ ਗੀਤ ਜ਼ਰੀਏ ਐਸ ਵਾਈ ਐਲ ਦੇ ਪਾਣੀ ਦੀ ਇੱਕ-ਇੱਕ ਬੂੰਦ ਲੈਣ ਦਾ ਦਾਅਵਾ ਕੀਤਾ ਹੈ। ਹਰਿਆਣਵੀ ਗਾਇਕ ਅਮਨ ਨੇ ਐਸ ਵਾਈ ਐਲ ਉੱਤੇ ਗਾਣਾ ਗਾਇਆ ਹੈ।ਹਰਿਆਣਵੀ ਸਿੰਗਰ ਅਤੇ ਮੁੱਖ ਮੰਤਰੀ ਮਨੋਹਰ ਲਾਲ ਦੇ ਇੱਕ ਓ ਐਸ ਡੀ (ਪਬਲੀਸਿਟੀ) ਗਜੇਂਦਰ ਫੋਗਾਟ ਨੇ ਮੂਸੇਵਾਲਾ ਦੇ ਵਿਵਾਦਤ ਗੀਤ ਦੇ ਜਵਾਬ ਵਿੱਚ ਗੀਤ ਬਣਾਉਣ ਦਾ ਦਾਅਵਾ ਕੀਤਾ ਸੀ, ਪਰਗੀਤ ਬਣਾਉਣ ਦੇ ਬਜਾਏ ਉਹ ਸ਼ੋਅ ਲਈ ਇੰਗਲੈਂਡ ਰਵਾਨਾ ਹੋ ਗਏ। ਗਜੇਂਦਰ ਫੋਗਾਟ ਤੋਂ ਪਹਿਲਾਂ ਰਾਮਕੇਸ਼ ਜੀਵਨਪੁਰੀਆ ਅਤੇ ਮਾਸੂਮ ਸ਼ਰਮਾ ਤੇ ਹੋਰਨਾਂ ਗਾਇਕਾਂ ਨੇ ਗੀਤ ਰਿਲੀਜ਼ ਕਰ ਦਿੱਤਾ ਹੈ।

ਰਾਮਕੇਸ਼ ਜੀਵਨਪੁਰੀਆ ਨੇ ਆਪਣੇ ਗੀਤ ‘ਪੰਜਾਬੀ ਸੂਬਾ ਮਾਂਗਾ, ਅਬ ਹਰਿਆਣਾ ਮਾਂਗੇ, ਕਿਓਂ ਬਾਤ ਘੁਮਾ ਕੇ ਪਾਣੀ ਪਰ ਝੰਡਾ ਟਾਂਗੋ, ਅਰੇ ਸੀਧੇ ਮੂੰਹ ਕਹਿ ਦੋ ਨਾ ਕਿ ਸਾਥ ਦੇਨਾ ਨਹੀਂ, ਹਮਾਰੇ ਹਰਿਆਣਾ ਕੇ ਹੱਕ ਦਾ ਮਾਰਨਾ ਅੱਛੀ ਬਾਤ ਨਹੀਂ...' ਕੱਲ੍ਹ ਸ਼ਾਮ ਰਿਲੀਜ਼ ਕੀਤਾ ਹੈ। ਉਨ੍ਹਾਂ ਨੇ ਇਸ ਗੀਤ ਨਾਲ ਦੱਸਿਆ ਕਿ ਪਹਿਲਾਂ ਪੰਜਾਬ ਤੋਂ ਹਰਿਆਣਾ ਨੂੰ ਅਲੱਗ ਕੀਤਾ ਅਤੇ ਅੱਜਕੱਲ ਬਣਦੇ ਹੱਕ ਦਾ ਐਸ ਵਾਈ ਐਲ ਦਾ ਪਾਣੀ ਵੀ ਨਹੀਂ ਦੇ ਰਿਹਾ।

# ਬਾਲਗ ਧੀ ਵਿਆਹ ਤਕ ਪਿਤਾ ਤੋਂ ਸਾਰਾ ਖਰਚਾ ਲੈ ਸਕਦੀ ਹੈ

* ਕੜਕੜਡੂਮਾ ਅਦਾਲਤ ਦੀ ਫੈਮਿਲੀ ਕੋਰਟ ਦਾ ਫੈਸਲਾ

ਨਵੀਂ ਦਿੱਲੀ, 26 ਜੂਨ (ਪੋਸਟ ਬਿਊਰੋ)- ਦਿੱਲੀ ਦੀ ਕੜਕੜਡੂਮਾ ਅਦਾਲਤ ਦੀ ਫੈਮਿਲੀ ਕੋਰਟ ਨੇ ਇੱਕ ਲੜਕੀ ਦੀ ਉਸ ਦੇ ਪਿਤਾ ਤੋਂ ਗੁਜ਼ਾਰਾ ਭੱਤਾ ਲੈਣ ਦੀ ਪਟੀਸ਼ਨ ਨੂੰ ਮਨਜ਼ੂਰ ਕਰ ਲਿਆ ਹੈ।



ਪਟੀਸ਼ਨ ਉੱਤੇ ਸੁਣਵਾਈ ਕਰਦਿਆਂ ਅਦਾਲਤ ਨੇ ਪਿਤਾ ਨੂੰ ਧੀ ਨੂੰ ਗੁਜ਼ਾਰੇ ਵਾਸਤੇ ਦਸ ਹਜ਼ਾਰ ਰੁਪਏ ਦੇਣ ਲਈ ਕਿਹਾ ਹੈ। ਪਿਤਾ ਨੇ ਅਦਾਲਤ ਵਿੱਚ ਦਲੀਲ ਦਿੱਤੀ ਸੀ ਕਿ ਧੀ ਬਾਲਗ ਹੈ ਤੇ ਉਹ ਗੁਜ਼ਾਰਾ ਭੱਤਾ ਲੈਣ ਦੀ ਹੱਕਦਾਰ ਨਹੀਂ, ਪਰ ਅਦਾਲਤ ਨੇ ਪਿਤਾ ਦੀ ਦਲੀਲ ਨੂੰ ਸਿਰੇ ਤੋਂ ਰੱਦ ਕਰ ਦਿੱਤਾ।ਅਦਾਲਤ ਨੇ ਦੋਵਾਂ ਧਿਰਾਂ ਨੂੰ ਸੁਣਨ ਤੋਂ ਬਾਅਦ ਆਪਣੇ ਫੈਸਲੇ ਵਿੱਚ ਕਿਹਾ ਕਿ ਕਾਨੂੰਨ ਮੁਤਾਬਕ ਬੇਟੀ ਨਾ ਸਿਰਫ ਪਹਿਲਾਂ ਤੱਕ, ਸਗੋਂ ਆਪਣੇ ਵਿਆਹ ਤੋਂ ਪਹਿਲਾਂ ਤੱਕ ਪਿਤਾ ਤੋਂ ਆਪਣੇ ਸਾਰੇ ਖਰਚੇ ਲੈਣ ਦੀ ਹੱਕਦਾਰ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਜੇ ਪਿਤਾ ਕਹਿੰਦਾ ਹੈ ਕਿ ਉਹ ਆਰਥਿਕ ਤੌਰ ਉੱਤੇ ਕਮਜ਼ੋਰ ਹੈ ਤੇ ਧੀ ਨੂੰ ਗੁਜ਼ਾਰਾ ਭੱਤਾ ਨਹੀਂ ਦੇ ਸਕਦਾ ਤਾਂ ਪਿਤਾ ਦੀ ਹੈਸੀਅਤ ਅਨੁਸਾਰ ਧੀ ਨੂੰ ਗੁਜ਼ਾਰਾ ਭੱਤਾ ਦਿੱਤਾ ਜਾਵੇ।ਬਾਲਗ ਧੀ ਨੇ ਅਦਾਲਤ ਵਿੱਚ ਪਿਤਾ ਤੋਂ ਉਚ ਸਿੱਖਿਆ ਦਾ ਖਰਚਾ ਦੇਣ ਦੀ ਮੰਗ ਰੱਖੀ ਸੀ,ਪਰ ਕਾਰੋਬਾਰੀ ਪਿਤਾ ਧੀ ਦੀ ਉਮਰ ਦਾ ਹਵਾਲਾ ਦੇ ਕੇ ਉਚ ਸਿੱਖਿਆ ਦਾ ਖਰਚਾ ਉਠਾਉਣ ਨੂੰ ਤਿਆਰ ਨਹੀਂ। ਉਸ ਨੇ ਕਿਹਾ ਕਿ ਉਹ ਬਚਪਨ ਤੋਂ ਆਪਣੀ ਮਾਂ ਨਾਲ ਰਹਿੰਦੀ ਹੈ, ਇਸ ਲਈ ਜੇ ਬੇਟੀ ਉਚ ਸਿੱਖਿਆ ਹਾਸਲ ਕਰਨਾ ਚਾਹੁੰਦੀ ਹੈ ਤਾਂ ਉਸ ਦਾ ਖਰਚਾ ਚੁੱਕਣਾ ਉਸ ਦੀ ਜ਼ਿੰਮੇਵਾਰੀ ਨਹੀਂ। ਅਦਾਲਤ ਨੇ ਹੁਕਮ ਦਿੱਤਾ ਕਿ ਧੀ ਦੀ ਉਚ ਸਿੱਖਿਆ ਦਾ ਸਾਰਾ ਖਰਚਾ ਪਿਤਾ ਨੂੰ ਹੀ ਚੁੱਕਣਾ ਚਾਹੀਦਾ ਹੈ। ਇਹ ਆਪਣੀ ਕਿਸਮ ਦਾ ਫੈਸਲਾ ਠੀਕ ਸਮਝਿਆ ਜਾ ਰਿਹਾ ਹੈ।

# ਭਾਰਤੀ ਫੁੱਟਬਾਲ ਫੈਡਰੇਸ਼ਨ ਦੀ ਲਾਪਰਵਾਹੀ ਦਾ ਨਮੂਨਾ

*ਵੀਜ਼ਾ 20 ਜੂਨ ਦਾ, ਟਿਕਟ 19 ਦੀ, ਫੁੱਟਬਾਲ ਟੀਮ ਭਟਕਦੀ ਰਹੀ

ਨਵੀਂ ਦਿੱਲੀ, 26 ਜੂਨ (ਪੋਸਟ ਬਿਊਰੋ)- ਖੇਡ ਫੈਡਰੇਸ਼ਨ ਦੇ ਅਧਿਕਾਰੀਆਂ ਦੇ ਲਾਪਰਵਾਹ ਵਤੀਰੇ ਕਾਰਨ ਖਿਡਾਰੀਆਂ ਨੂੰ ਹੋਣ ਵਾਲੀ ਪ੍ਰੇਸ਼ਾਨੀ ਦੀ ਇੱਕ ਹੋਰ ਮਿਸਾਲ ਸਾਹਮਣੇ ਆਈ ਹੈ।




ਭਾਰਤੀ ਮਹਿਲਾ ਫੁੱਟਬਾਲ ਟੀਮ ਨੇ ਇਸ ਸਾਲ ਤਿੰਨ ਦੇਸ਼ਾ ਟੂਰਨਮੈਂਟ ਲਈ ਸਵੀਡਨ ਜਾਣਾ ਸੀ। ਟੀਮ ਦੇ ਸਾਰੇ ਮੈਂਬਰਾਂ ਨੂੰ ਵੀਹ ਜੂਨ ਤੋਂ ਵੀਜ਼ਾ ਮਿਲਿਆ ਸੀ, ਪਰ ਆਲ ਇੰਡੀਆ ਫੁੱਟਬਾਲ ਫੈਡਰੇਸ਼ਨ ਨੇ ਟਿਕਟ 19 ਜੂਨ ਦੇ ਲੈ ਲਏ। ਨਤੀਜੇ ਵਜੋਂ ਟੀਮ ਨੂੰ ਏਅਰਪੋਰਟ ਉੱਤੇ ਲਗਾਤਾਰ ਤਿੰਨ ਦਿਨ ਭਟਕਣਾ ਪਿਆ। ਟੀਮ 18 ਜੂਨ ਰਾਤ ਏਅਰਪੋਰਟ ਉੱਤੇ 19 ਦੀ ਸਵੇਰ ਨੂੰ ਫਲਾਈਟ ਲੈਣ ਪਹੁੰਚੀ ਤਾਂ ਫੈਡਰੇਸ਼ਨ ਦਾ ਕੋਈ ਅਧਿਕਾਰੀ ਉਥੇ ਨਹੀਂ ਸੀ। ਇਮੀਗਰੇਸ਼ਨ ਨੇ ਟੀਮ ਨੂੰ ਜਾਣ ਨਹੀਂ ਦਿੱਤਾ, ਕਿਉਂਕਿ ਵੀਜ਼ਾ 20 ਜੂਨ ਦਾ ਸੀ। ਉਸ ਦਿਨ ਟੀਮ ਦਾ ਬਹੁਤਾ ਸਮਾਂ ਏਅਰਪੋਰਟ ਉੱਤੇ ਬੀਤਿਆ। ਕਾਫੀ ਜੱਦੋਜਹਿਦ ਦੇ ਬਾਅਦ ਫੈਡਰੇਸ਼ਨ ਨੇ ਟਿਕਟ ਬਦਲਵਾ ਕੇ 20 ਜੂਨ ਦੀ ਕਰਵਾਈ। ਇਸ ਦੇ ਬਾਅਦ ਟੀਮ ਸਵੀਡਨ ਲਈ ਰਵਾਨਾ ਹੋ ਸਕੀ। ਟਿਕਟ ਨੂੰ ਕੈਂਸਲ ਕਰਵਾਉਣ ਅਤੇ ਨਵਾਂ ਲੈਣ ਲਈ ਫੈਡਰੇਸ਼ਨ ਦੀ ਮੋਟੀ ਰਕਮ ਲੱਗੀ। ਇਸ ਦੇ ਦੋ ਦਿਨ ਬਾਅਦ ਮੁਕਾਬਲੇ ਵਿੱਚ ਭਾਰਤੀ ਟੀਮ ਸਵੀਡਨ ਤੋਂ ਪਹਿਲਾ ਮੈਚ ਹਾਰ ਗਈ।

ਫੈਡਰੇਸ਼ਨ ਦੇ ਜਨਰਲ ਸੈਕਟਰੀ ਕੁਸ਼ਲ ਦਾਸ ਨੇ ਇਸ ਘਟਨਾ ਦੀ ਜਾਂਚ ਦੇ ਹੁਕਮ ਦਿੱਤੇ, ਪਰ ਕੁਝ ਦਿਨ ਬਾਅਦ ਕੋਰਟ ਵੱਲੋਂ ਨਿਯੁਕਤ ਪ੍ਰਸ਼ਾਸਕਾਂ ਦੀ ਕਮੇਟੀ ਨੇ ਉਨ੍ਹਾਂ ਨੂੰ ਛੁੱਟੀਭੇਜ ਦਿੱਤਾ। ਜਾਂਚ ਦਾ ਕੀ ਹੋਇਆ, ਕਿਸੇ ਨੂੰ ਨਹੀਂ ਪਤਾ। ਫੈਡਰੇਸ਼ਨ ਦੇ ਨੈਸ਼ਨਲ ਟੀਮ ਡਾਇਰੈਕਟਰ ਅਭਿਸ਼ੇਕ ਯਾਦਵ ਖੁਦ ਭਾਰਤੀ ਟੀਮ ਲਈ ਖੇਡ ਚੁੱਕੇ ਹਨ।






# ਏ ਟੀ ਐਸ ਨੇ ਤੀਸਤਾ ਸੀਤਲਵਾੜ ਨੂੰ ਹਿਰਾਸਤ ਵਿੱਚ ਲਿਆ

* ਅਹਿਮਦਾਬਾਦ ਅਪਰਾਧ ਸੈਲ ਵੱਲੋਂ ਦਰਜ ਕੇਸ ਵਿੱਚ ਕਾਰਵਾਈ

ਅਹਿਮਦਾਬਾਦ, 26 ਜੂਨ (ਪੋਸਟ ਬਿਊਰੋ)- ਗੁਜਰਾਤ ਦੇ ਅੱਤਵਾਦ ਵਿਰੋਧੀ ਸਕੁਆਡ (ਏ ਟੀ ਐਸ) ਨੇ ਸਮਾਜ ਸੇਵੀ ਤੀਸਤਾ ਸੀਤਲਵਾੜ ਨੂੰ ਅਹਿਮਦਾਬਾਦ ਸ਼ਹਿਰ ਦੀ ਅਪਰਾਧ ਸੈਲ ਵਿੱਚ ਉਸ ਦੇ ਖਿਲਾਫ ਦਰਜ ਕੇਸ ਵਿੱਚ ਕੱਲ੍ਹ ਮੁੰਬਈ ਤੋਂ ਗ੍ਰਿਫਤਾਰ ਕਰ ਲਿਆ। ਦੂਜੇ ਪਾਸੇ ਸੀਤਲਵਾੜ ਨੇ ਗੁਜਰਾਤ ਪੁਲਸ ਦੇ ਖਿਲਾਫ ਸਾਂਤਾਕਰੂਜ਼ ਥਾਣੇ ਵਿੱਚ ਸ਼ਿਕਾਇਤ ਦੇ ਕੇ ਆਪਣੀ ਜਾਨ ਨੂੰ ਖਤਰਾ ਦੱਸਿਆ ਅਤੇ ਕਾਰਵਾਈ ਦੀ ਮੰਗ ਕੀਤੀ ਹੈ।



ਇਸ ਬਾਰੇ ਗੁਜਰਾਤ ਏ ਟੀ ਐਸ ਦੇ ਇੱਕ ਅਧਿਕਾਰੀ ਨੇ ਦੱਸਿਆ, ‘‘ਸੀਤਲਵਾੜ ਨੂੰ ਗੁਜਰਾਤ ਏ ਟੀ ਐਸ ਨੇ ਅਹਿਮਦਾਬਾਦ ਅਪਰਾਧ ਸੈਲ ਵੱਲੋਂ ਦਰਜ ਕੇਸ ਦੇ ਸਬੰਧ ਵਿੱਚ ਮੁੰਬਈ ਤੋਂ ਹਿਰਾਸਤ ਵਿੱਚ ਲਿਆ ਹੈ।'' ਸੁਪਰੀਮ ਕੋਰਟ ਨੇ 2002 ਦੇ ਗੁਜਰਾਤ ਦੰਗਿਆਂ ਦੇ ਕੇਸ ਵਿੱਚ ਓਦੋਂ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਅਤੇ ਹੋਰਾਂ ਨੂੰ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਵੱਲੋਂ ਕਲੀਨ ਚਿਟ ਦੇਣ ਨੂੰ ਚੁਣੌਤੀ ਦੇਂਦੀ ਪਟੀਸ਼ਨ ਸ਼ੁੱਕਰਵਾਰ ਰੱਦ ਕਰ ਦਿੱਤੀ ਸੀ। ਸੀਤਲਵਾੜ ਦੀ ਗੈਰ ਸਰਕਾਰੀ ਸੰਸਥਾ (ਐਨ ਜੀ ਓ) ਨੇ ਜ਼ਕੀਆ ਜ਼ਾਫਰੀ ਦੀ ਕਾਨੂੰਨੀ ਲੜਾਈ ਦੌਰਾਨ ਉਸ ਦਾ ਸਾਥ ਦਿੱਤਾ ਸੀ। ਜ਼ਾਫਰੀ ਦਾ ਪਤੀ ਅਹਿਸਾਨ ਜ਼ਾਫਰੀ ਦੰਗਿਆਂ ਵੇਲੇ ਮਾਰਿਆ ਗਿਆ ਸੀ। ਮੁੰਬਈ ਪੁਲਸ ਦੇ ਇੱਕ ਅਫਸਰਮੁਤਾਬਕ ਤੀਸਤਾ ਸੀਤਲਵਾੜ ਨੂੰ ਗੁਜਰਾਤ ਪੁਲਸ ਨੇ ਉਸ ਦੀ ਸਾਂਤਾਕਰੂਜ਼ ਵਾਲੀ ਰਿਹਾਇਸ਼ ਵਿੱਚੋਂ ਗ੍ਰਿਫਤਾਰ ਕੀਤਾ ਤੇ ਲੋਕਲ ਪੁਲਸ ਨੂੰ ਦੱਸਣ ਤੋਂ ਬਾਅਦ ਉਸ ਨੂੰ ਆਪਣੇ ਨਾਲ ਲੈ ਗਈ। ਅਧਿਕਾਰੀ ਨੇ ਕਿਹਾ, ਉਨ੍ਹਾਂ (ਸੀਤਲਵਾੜ) ਨੇ ਸਾਂਤਾਕਰੂਜ਼ ਥਾਣੇਨੂੰ ਇੱਕ ਲਿਖਤੀ ਸ਼ਿਕਾਇਤ ਦਿੱਤੀ ਅਤੇ ਦੋਸ਼ ਲਾਇਆ ਹੈ ਕਿ ਗੁਜਰਾਤ ਪੁਲਸ ਨੇ ਉਨ੍ਹਾਂ ਦੀ ਰਿਹਾਇਸ਼ ਵਿੱਚ ਜ਼ਬਰਦਸਤੀ ਆਈ ਸੀ। ਪੁਲਸ ਨੇ ਉਨ੍ਹਾਂ ਖਿਲਾਫ ਕੇਸ ਜਾਂ ਵਾਰੰਟ ਦੀ ਕਾਪੀ ਨਹੀਂ ਦਿਖਾਈ ਅਤੇ ਉਸ ਦੇ ਖੱਬੇ ਹੱਥ ਵਿੱਚ ਸੱਟ ਵੱਜੀ ਹੋਈ ਸੀ। ਉਨ੍ਹਾਂ ਸ਼ਿਕਾਇਤ ਵਿੱਚ ਕਿਹਾ, ‘‘ਮੈਨੂੰ ਆਪਣੀ ਜ਼ਿੰਦਗੀ ਬਾਰੇ ਗੰਭੀਰ ਖਤਰਾ ਮਹਿਸੂਸ ਹੋ ਰਿਹਾ ਹੈ।''

# ਤਿੱਬਤ ਬਾਰੇ ਮਾਹਿਰਾਂ ਵੱਲੋਂ ਚੀਨ ਦੇ ਦਾਅਵਿਆਂ ਦਾ ਪਰਦਾ ਫਾਸ਼

ਵਾਸ਼ਿੰਗਟਨ, 26 ਜੂਨ (ਪੋਸਟ ਬਿਊਰੋ)- ਹਾਂਗਕਾਂਗ ਦੀ ਸਿਟੀ ਯੂਨੀਵਰਸਿਟੀ ਦੇ ਸਾਬਕਾ ਚੇਅਰ ਪ੍ਰੋਫੈਸਰ ਅਤੇ ਮਾਹਿਰ ਹਾਨ ਜਿਆਂਗ ਲੌ ਨੇ ਤਿੱਬਤ ਉੱਤੇ ਚੀਨ ਦੇ ਦਾਅਵਿਆਂ ਦਾ ਪਰਦਾ ਫਾਸ਼ ਕੀਤਾ ਹੈ।




ਤਿੱਬਤ ਰਾਈਟਸ ਕੁਲੈਕਟਿਵ ਦੀ ਰਿਪੋਰਟ ਮੁਤਾਬਕ ਉਨ੍ਹਾਂ ਨੇ ਕਿਹਾ ਕਿ ਤਿੱਬਤ 1949 ਤੋਂ ਪਹਿਲਾਂ ਇਤਿਹਾਸ ਵਿੱਚ ਕਦੇ ਵੀ ਚੀਨ ਦਾ ਹਿੱਸਾ ਨਹੀਂ ਸੀ। ਤਿੱਬਤ ਉੱਤੇ ਚੀਨ ਦੀ ਪ੍ਰਭੂਸੱਤਾ ਦਾ ਸਬੂਤ ਨਾ ਸਿਰਫ ਕਈ ਕਮੀਆਂ ਉੱਤੇ ਆਧਾਰਤ ਹੈ, ਸਗੋਂ 1949 ਤੋਂ ਪਹਿਲਾਂ ਦੇ ਚੀਨੀ ਰਿਕਾਰਡਾਂ ਦੀ ਪੂਰੀ ਤਰ੍ਹਾਂ ਮਨਘੜਤ ਅਤੇ ਜਾਅਲਸਾਜ਼ੀ ਉੱਤੇ ਵੀ ਆਧਾਰਤ ਹੈ।ਤਿੱਬਤ ਦੇ ਅਣਸੁਲਝੇ ਸੰਘਰਸ਼ ਨੂੰ ਸੁਲਝਾਉਣ ਲਈ ਰੁਕਾਵਟਾਂ ਦੇ ਵਿਸ਼ੇ ਉੱਤੇ ਸੁਣਾਈ ਲਈ ਚੀਨ ਦੀ ਕਾਂਗਰਸ-ਕਾਰਜਕਾਰਨੀ ਕਮਿਸ਼ਨ ਨੂੰ ਲਿਖੀ ਗਵਾਹੀ ਵਿੱਚ ਜਿਆਂਗ ਲੌ ਨੇ ਦੱਸਿਆ ਕਿ ਚੀਨ ਦੇ 1949 ਤੋਂ ਪਹਿਲਾਂ ਦੇ ਅਧਿਕਾਰਤ ਇਤਿਹਾਸਕ ਰਿਕਾਰਡ ਸਪੱਸ਼ਟ ਦੱਸਦੇ ਹਨ ਕਿ 1950 ਤੋਂ ਤਿੱਬਤ ਉਤੇ ਚੀਨੀ ਹਮਲੇ ਤੋਂ ਪਹਿਲਾਂ ਤਿੱਬਤ ਕਦੇ ਵੀ ਇਸ ਦਾ ਹਿੱਸਾ ਨਹੀਂ ਸੀ। ਉਨ੍ਹਾਂ ਕਿਹਾ ਕਿ ਇਹ ਮਹੱਤਵਪੂਰਨ ਮੁੱਦਾ ਹੈ, ਕਿਉਂਕਿ ਚੀਨ ਲੀਗ ਆਫ ਨੇਸ਼ਨਜ਼ ਅਤੇ ਯੂ ਐੱਨ ਓ ਦੇ ਸਬੰਧਤ ਸਮਝੌਤਿਆਂ ਦਾ ਇੱਕ ਦਸਤਖਤਕਰਤਾ ਹੈ। ਇਸ ਦਾ ਮਤਲਬ ਇਹ ਕਿ 1919 ਤੋਂ ਚੀਨ ਨੇ ਵਾਅਦਾ ਕੀਤਾ ਸੀ ਕਿ ਉਹ ਫੌਜੀ ਜਿੱਤ ਰਾਹੀਂ ਖੇਤਰ ਹਾਸਲ ਨਹੀਂ ਕਰੇਗਾ।

ਹਾਨ ਜਿਆਂਗ ਨੇ ਕਿਹਾ ਕਿ ਬਦਕਿਸਮਤੀ ਨਾਲ ਅੱਜ ਬਹੁਤ ਸਾਰੀਆਂ ਸਰਕਾਰਾਂ ਇਸ ਹਾਸੋਹੀਣੇ ਝੂਠ ਨੂੰ ਗਲਤ ਤਰੀਕੇ ਨਾਲ ਸਵੀਕਾਰ ਕਰਦੀਆਂ ਹਨ। ਇਸੇ ਲਈ ਬਹੁਤ ਸਾਰੇ ਪੱਛਮੀ ਲੋਕਤੰਤਰੀ ਦੇਸ਼ ਤਿੱਬਤ ਦੀ ਪ੍ਰਭੂਸੱਤਾ ਕਾਇਮ ਰੱਖਣ ਲਈ ਲੋੜੀਂਦੀ ਮਦਦ ਦੇਣ ਵਿੱਚ ਅਸਫਲ ਹਨ। ਇਸ ਦਾ ਮਤਲਬ ਇਹ ਹੈ ਕਿ ਯੂ ਐੱਨ ਸਕਿਓਰਿਟੀ ਕੌਂਸਲ ਦੇ ਇੱਕ ਮੌਜੂਦਾ ਸਥਾਈ ਮੈਂਬਰ ਨੇ 1950 ਵਿੱਚ ਫੌਜੀ ਪੱਖੋਂ ਕਿਸੇ ਹੋਰ ਦੇਸ਼ ਨੂੰ ਜਿੱਤ ਲਿਆ ਤੇ ਅੱਜ ਤਕ ਆਪਣੇ ਅਧੀਨ ਰੱਖ ਰਿਹਾ ਹੈ। ਇਹ ਅਪਰਾਧ ਅੰਤਰਰਾਸ਼ਟਰੀ ਭਾਈਚਾਰੇ ਦੇ ਦਖਲ ਨੂੰ ਮਜਬੂਰ ਕਰਦਾ ਹੈ।

# ਪਾਕਿ ਸਰਕਾਰ ਦਾ ਨਵਾਂ ਫਰਮਾਨ, ਵਿਆਹ ਵਿੱਚ ਇੱਕੋ ਡਿਸ਼ ਦਿਓ, ਖਰਚ ਘਟਾਓ

ਇਸਲਾਮਾਬਾਦ, 26 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੀ ਵਿੱਤੀ ਹਾਲਤ ਤੇਜ਼ੀ ਨਾਲ ਵਿਗੜ ਰਹੀ ਹੈ ਅਤੇ ਇਸ ਤੋਂ ਬਚਣ ਲਈ ਸਰਕਾਰ ਅਜੀਬੋ-ਗਰੀਬ ਉਪਾਅ ਕਰ ਰਹੀ ਹੈ।

ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੀ ਸਰਕਾਰ ਨੇ ਲੋਕਾਂ ਨੂੰ ਆਪਣੇ ਫਾਲਤੂ ਖਰਚ ਵਿੱਚ ਕਟੌਤੀ ਕਰਨ ਦੇ ਹੁਕਮ ਦਿੱਤੇ ਹਨ। ਇਸ ਦੌਰਾਨ ਵਿਆਹ ਸਮਾਰੋਹ ਵਿੱਚ ਮਹਿਮਾਨਾਂ ਨੂੰ ਸਿਰਫ ਇੱਕ ਡਿਸ਼ ਪਰੋਸੀ ਜਾ ਸਕੇਗੀ। ਬਰਾਤ, ਮਹਿੰਦੀ ਅਤੇ ਵਲੀਮਾ, ਭੰਗੜਾ ਪਾਰਟੀ ਸਮੇਤ ਸਾਰੇ ਸਮਾਰੋਹ ਰਾਤ ਨੌਂ ਵਜੇ ਤੋਂ ਪਹਿਲਾਂ ਖਤਮ ਕਰਨੇ ਹੋਣਗੇ। ਰਾਤ ਨੌਂ ਵਜੇ ਤੋਂ ਬਾਅਦ ਗੈਰ ਜ਼ਰੂਰੀ ਸਟਰੀਟ ਲਾਈਟਾਂ ਵੀ ਬੰਦ ਰੱਖੀਆਂ ਜਾ ਰਹੀਆਂ ਹਨ। ਸਿਰਫ ਮੈਡੀਕਲ ਸਟੋਰ, ਪੈਟਰੋਲ ਪੰਪਾਂ, ਬੱਸ ਟਰਮੀਨਲਾਂ, ਦੁੱਧ ਦੀਆਂ ਦੁਕਾਨਾਂ ਆਦਿ ਨੂੰ ਛੋਟ ਦਿੱਤੀ ਗਈ ਹੈ। ਬਿਜਲੀ ਬਚਾਉਣ ਲਈ ਸਰਕਾਰ ਨੇ ਹੁਕਮ ਕੀਤਾ ਹੈ ਸਾਰੀਆਂ ਮਾਰਕੀਟਾਂ, ਸ਼ਾਪਿੰਗ ਮਾਲ, ਮੈਰਿਜ ਹਾਲ ਅਤੇ ਦੁਕਾਨਾਂ ਰਾਤ ਨੌਂ ਵਜੇ ਤਕ ਖੁੱਲ੍ਹਣਗੇ। ਇਸ ਪਿੱਛੋਂ ਧਾਰਾ 144 ਲਾਗੂ ਰਹੇਗੀ। ਸਰਕਾਰੀ ਦਫਤਰਾਂ ਵਿੱਚ ਸਿਰਫ ਪੰਜ ਦਿਨ ਕੰਮ ਹੋਵੇਗਾ। ਸਰਕਾਰ ਦਾ ਇਹ ਤਰਕ ਹੈ ਕਿ



ਸ਼ਨੀਵਾਰ ਨੂੰ ਦਫਤਰ ਬੰਦ ਰੱਖਣ ਨਾਲ ਸਾਲਾਨਾ ਕਰੀਬ 7830 ਕਰੋੜ ਰੁਪਏ (ਭਾਰਤੀ ਰਕਮ) ਬਚਤ ਹੋਵੇਗੀ। ਇਸ ਦੇ ਇਲਾਵਾ, ਸ਼ਾਹਬਾਜ਼ ਸਰਕਾਰ ਨੇ ਸ਼ੁੱਕਰਵਾਰ ਨੂੰ ਵਰਕ ਫਰਾਮ ਹੋਮ ਦਾ ਬਦਲ ਦਿੰਦੇ ਹੋਏ ਕਰਮਚਾਰੀਆਂ ਨੂੰ ਦਿੱਤੇ ਜਾਣ ਫਿਊਲ ਦੀ ਮਾਤਰਾ ਵਿੱਚ ਚਾਲੀ ਫੀਸਦੀ ਕਟੌਤੀ ਦੇ ਹੁਕਮ ਦਿੱਤੇ ਹਨ।

ਪਾਕਿਸਤਾਨ ਦੀ ਫੌਜ ਵੀ ਸ਼ੁੱਕਰਵਾਰ ਨੂੰ ‘ਡਰਾਈ ਡੇਅ' ਵਜੋਂ ਮਨਾਏਗੀ ਤੇ ਇਸ ਦਿਨ ਕੋਈ ਅਧਿਕਾਰਤ ਵਾਹਨ ਨਹੀਂ ਚੱਲੇਗਾ। ਪੀ ਟੀ ਆਈ (ਤਹਿਰੀਕੇ ਇਨਸਾਫ ਪਾਰਟੀ) ਦੇ ਸੀਨੀਅਰ ਨੇਤਾ ਫਵਾਦ ਚੌਧਰੀ ਨੇ ਕੱਲ੍ਹ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਬਾਜ਼ਾਰ ਅਤੇ ਸ਼ਾਪਿੰਗ ਮਾਲ ਰਾਤ ਨੌਂ ਵਜੇ ਬੰਦ ਰੱਖਣਾ ਆਰਥਿਕ ਸੰਕਟ ਤੋਂ ਨਿਕਲਣ ਦਾ ਰਾਹ ਨਹੀਂ, ਜਨਤਾ ਸਰਕਾਰ ਦੇ ਘਟੀਆ ਸ਼ਾਸਨ ਦਾ ਮੁੱਲ ਤਾਰ ਰਹੀ ਹੈ। ਬਿਜਲੀ ਸੰਕਟ ਨੂੰ ਹੱਲ ਕਰਨ ਦੀ ਬਜਾਏ ਸ਼ਾਹਬਾਜ਼ ਸਰਕਾਰ ਪਾਕਿਸਤਾਨ ਨੂੰ ਪੱਥਰ ਯੁੱਗ ਵੱਲ ਲਿਜਾ ਰਹੀ ਹੈ।

# ਮਲੇਰੀਆ ਅਤੇ ਡੇਂਗੂ ਦੇ ਬਚਾਓ ਵਾਸਤੇ ਪਿੰਡਾਂ ਦੇ ਛੱਪੜਾ ਵਿਚ ਮੱਛਰਾਂ ਦੇ ਲਾਰਵੇ ਨੂੰ ਖਾਣ ਵਾਲੀਆ ਗਮਬੂਜੀਆ ਮੱਛੀਆਂ ਛੱਡੀਆਂ

ਪਠਾਨਕੋਟ 26 ਜੂਨ (ਰਾਜਿੰਦਰ ਸਿੰਘ ਰਾਜਨ) ਸਿਹਤ ਵਿਭਾਗ ਪਠਾਨਕੋਟ ਵੱਲੋਂ ਮਲੇਰੀਆ ਅਤੇ ਡੇਂਗੂ ਦੇ ਬਚਾਓ ਵਾਸਤੇ ਕਰੋਲੀ ਅਤੇ ਜੰਡਵਾਲ ਪਿੰਡਾਂ ਦੇ ਛੱਪੜਾਂ ਵਿਚ ਗਮਬੂਜੀਆ ਮੱਛੀਆਂ ਛੱਡੀਆਂ ਗਈਆਂ। ਇਹ ਗਮਬੂਜੀਆ ਮੱਛੀਆਂ ਮੱਛਰਾਂ ਦੇ ਲਾਰਵੇ ਨੂੰ ਖਾ ਕੇ ਡੇਂਗੂ, ਮਲੇਰੀਆ ਦੇ ਪ੍ਰਕੋਪ ਤੋਂ ਬਚਣ ਲਈ ਸਹਾਇਤਾ ਕਰਦੀਆਂ ਹਨ।

ਡਿਪਟੀ ਕਮਿਸ਼ਨਰ ਪਠਾਨਕੋਟ ਅਤੇ ਸਿਵਲ ਸਰਜਨ ਡਾ ਰੁਬਿੰਦਰ ਕੌਰ ਦੀਆਂ ਹਦਾਇਤਾਂ ਅਨੁਸਾਰ ਅੱਜ ਸਿਹਤ ਵਿਭਾਗ ਵੱਲੋਂ ਮਲੇਰੀਆ ਅਤੇ ਡੇਂਗੂ ਬੁਖਾਰ ਦੇ ਬਚਾਓ ਕਰਨ ਲਈ ਕਮਿਊਨਿਟੀ ਹੈਲਥ ਸੈਂਟਰ ਬੁੰਗਲ ਬਧਾਣੀ ਦੇ ਮੈਡੀਕਲ ਅਫ਼ਸਰ ਡਾ ਅਮਨ ਕੁਮਾਰ ਦੇ ਨਿਰਦੇਸ਼ਾਂ ਤੇ ਹੈਲਥ ਇੰਸਪੈਕਟਰ ਲਖਬੀਰ ਸਿੰਘ ਅਤੇ ਰਾਜ ਕੁਮਾਰ ਸਿਹਤ ਕਾਮੇ ਵੱਲੋਂ ਜ਼ਲ੍ਹਿਾ ਐਪੀਡੀਮੋਲੋਜਿਸਟ ਡਾ: ਸਾਕਸ਼ੀ , ਹੈਲਥ ਇੰਸਪੈਕਟਰ ਅਨੋਖ ਲਾਲ, ਅਤੇ ਰਜਿੰਦਰ ਕੁਮਾਰ ਕੋਲੋਂ ਹੈਚਰੀ ਪਠਾਨਕੋਟ ਤੋਂ ਗਮਬੂਜੀਆ ਮੱਛੀਆਂ ਪ੍ਰਾਪਤ ਕੀਤੀਆਂ ਅਤੇ ਕਰੋਲੀ ਅਤੇ ਜੰਡਵਾਲ ਪਿੰਡਾਂ ਦੇ ਛੱਪੜਾਂ ਵਿੱਚ ਮੋਹਤਬਰ ਵਿਅਕਤੀਆਂ ਦੀ ਹਾਜ਼ਰੀ ਵਿੱਚ ਛੱਡੀਆਂ ਗਈਆਂ ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਇੰਸਪੈਕਟਰ ਅਵਿਨਾਸ਼ ਸ਼ਰਮਾ ਅਤੇ ਲਖਬੀਰ ਸਿੰਘ ਨੇ ਦੱਸਿਆ ਕਿ ਇਹ ਮੱਛੀਆਂ ਹੁਣ ਲੋਕਾਂ ਨੂੰ ਡੇਂਗੂ ਅਤੇ ਮਲੇਰੀਆ ਦੇ ਡੰਗ ਤੋਂ ਬਚਾ ਸਕਣਗੀਆਂ . ਉਨ੍ਹਾਂ ਦੱਸਿਆ ਕਿ ਗੈਂਬੂਜੀਆ ਅਸਲ ਵਿੱਚ ਇੱਕ ਅਜਿਹੀ ਮੱਛੀ ਹੈ ਜੋ ਡੇਂਗੂ-ਮਲੇਰੀਆ ਫੈਲਾਉਣ ਵਾਲੇ ਮੱਛਰਾਂ ਦੇ ਲਾਰਵੇ ਨੂੰ ਖਾ ਕੇ ਲੋਕਾਂ ਨੂੰ ਡੇਂਗੂ, ਮਲੇਰੀਆ ਬੁਖਾਰ ਦੇ ਪ੍ਰਕੋਪ ਤੋਂ ਬਚਾਉਂਦੀ ਹੈ । ਇਸ ਮੌਕੇ ਤੇ ਪਿੰਡ ਕਰੋਲੀ ਦੇ ਜਗਦੀਸ਼ ਰਾਜ ਅਤੇ ਸੱਤਪਾਲ ਆਦਿ ਹਾਜ਼ਰ ਸਨ ਤੇ ਜਿਹਨਾਂ ਨੇ ਸਿਹਤ ਵਿਭਾਗ ਪਠਾਨਕੋਟ ਦੇ ਇਸ ਉਪਰਾਲੇ ਦੀ ਪ੍ਰਸੰਸਾ ਕੀਤੀ।





# ਸ਼ਿਵ ਕੁਮਾਰ ਬਟਾਲਵੀ ਦੀਆਂ ਰਚਨਾਵਾਂ ਅੰਦਰ ਰਾਵੀ ਦਾ ਜਿਕਰ ਇੱਕ ਵੱਖਰੀ ਪਹਿਚਾਣ ਹੈ: ਕਟਾਰੂਚੱਕ

## *ਕਰੈਸ਼ਰਾਂ ਵੱਲੋਂ ਕੀਤੀ ਨਜਾਇਜ ਮਾਈਨਿੰਗ ਦਾ ਲਿਆ ਜਾਇਜਾ, ਮਾਈਨਿੰਗ ਮਾਫੀਆਂ ਨੂੰ ਨਹੀਂ ਕੀਤਾ ਜਾਵੇਗਾ ਮੁਆਫ: ਕੈਬਨਿਟ ਮੰਤਰੀ

ਪਠਾਨਕੋਟ, 26 ਜੂਨ (ਰਾਜਿੰਦਰ ਸਿੰਘ ਰਾਜਨ)- ਅੱਜ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਿੱਚ ਜਿਵੇਂ ਪੰਜਾਬ ਅੰਦਰ ਭ੍ਰਿਸਟਾਚਾਰ ਦੇ ਖਿਲਾਫ, ਮਾਈਨਿੰਗ ਮਾਫੀਆਂ ਦੇ ਖਿਲਾਫ ਜੋ ਲੜਾਈ ਸੁਰੂ ਹੈ ਉਸੇ ਦੇ ਸਬੰਧ ਵਿੱਚ ਅੱਜ ਜਿਲ੍ਹਾ ਪਠਾਨਕੋਟ ਵੱਖ ਵੱਖ ਖੇਤਰਾਂ ਅੰਦਰ ਪੁਲਿਸ ਪ੍ਰਸਾਸਨ, ਜਿਲ੍ਹਾ ਪ੍ਰਸਾਸਨਿਕ ਅਧਿਕਾਰੀਆਂ ਦੇ ਸਹਿਯੋਗ ਨਾਲ ਖੇਤਰਾਂ ਦਾ ਦੋਰਾ ਕਰਕੇ ਜਾਇਜਾ ਲਿਆ ਗਿਆ ਹੈ ਅਤੇ ਨਜਾਇਜ ਮਾਈਨਿੰਗ ਕਰਨ ਵਾਲਿਆਂ ਨੂੰ ਕਦੇ ਵੀ ਮਾਫ ਨਹੀਂ ਕੀਤਾ ਜਾਵੇਗਾ ਚਾਹੇ ਉਹ ਸਿਆਸੀ ਲੋਕ ਹੋਣ ਜਾਂ ਕੋਈ ਵੀ ਪ੍ਰਸਾਸਨਿਕ ਅਧਿਕਾਰੀ ਹੋਵੇ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ ਕੀੜੀ ਗੰਡਿਆਲ (ਮੈਰਾ) ਦੇ ਨਜਦੀਕ ਕਰੈਸਰਾਂ ਵੱਲੋਂ ਕੀਤੀ ਨਜਾਇਜ ਮਾਈਨਿੰਗ ਕਰਕੇ ਪ੍ਰਭਾਵਿਤ ਹੋਏ ਖੇਤਰਾਂ ਦਾ ਜਾਇਜਾ ਲੈਂਦਿਆਂ ਕੀਤਾ ਗਿਆ। ਇਸ ਦੋਰਾਨ ਸਰਵਸ੍ਰੀ ਅਰੂਣ ਸੈਣੀ ਐਸ.ਐਸ.ਪੀ. ਪਠਾਨਕੋਟ, ਜਿਲ੍ਹਾ ਪ੍ਰਸਾਸਨਿਕ ਅਧਿਕਾਰੀ ਵੀ ਮੋਕੇ ਤੇ ਹਾਜਰ ਰਹੇ। ਜਿਕਰਯੋਗ ਹੈ ਕਿ ਕੈਬਨਿਟ ਮੰਤਰੀ ਪੰਜਾਬ ਵੱਲੋਂ ਰਾਵੀ ਦਰਿਆ ਦਾ ਵੀ ਜਾਇਜਾ ਲਿਆ ਗਿਆ।

ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਇਹ ਉਹ ਰਾਵੀ ਹੈ ਜਿਸ ਦਾ ਜਿਕਰ ਸਾਡੇ ਇਤਿਹਾਸ ਵਿੱਚ ਵੀ ਹੈ। ਉਨ੍ਹਾਂ ਕਿਹਾ ਕਿ ਸਿਵ ਕੁਮਾਰ ਬਟਾਲਵੀ ਦੀਆਂ ਰਚਨਾਵਾਂ ਅੰਦਰ ਰਾਵੀ ਦਾ ਜਿਕਰ ਇੱਕ ਵੱਖਰੀ ਪਹਿਚਾਣ ਹੈ ਅਤੇ ਅੱਜ ਮਾਈਨਿੰਗ ਮਾਫੀਆ ਵੱਲੋਂ ਅਪਣੇ ਸਵਾਰਥ ਦੇ ਲਈ ਧਰਤੀ ਦੀ ਗੋਦ ਨੂੰ ਛਲਣੀ ਕਰਕੇ ਰਾਵੀ ਦੇ ਅਸਤੱਤਵ ਨੂੰ ਖਤਰੇ ਵਿੱਚ ਪਾ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਮਾਈਨਿੰਗ ਮਾਫੀਆ ਵੱਲੋਂ ਖੇਤਰ ਅੰਦਰ ਰਾਵੀ ਦੇ ਨਾਲ ਨਾਲ 80 ਤੋਂ 100 ਫੁੱਟ ਡੂਘਾਈ ਦੀ ਖੁਦਾਈ ਕਰ ਦਿੱਤੀ ਗਈ ਹੈ ਅਤੇ ਖੇਤਰ ਦਾ ਪਾਣੀ ਜੋ ਕਿ ਬਹੁਤ ਡੂਘਾ ਹੋ ਗਿਆ ਹੈ ਅਤੇ ਲੋਕ ਪੀਣ ਵਾਲੇ ਪਾਣੀ ਲਈ ਵੀ ਤਰਸ ਰਹੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਪਿਛਲੇ ਦਿਨ੍ਹਾਂ ਅੰਦਰ ਵੀ ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਅੰਦਰ ਮਾਈਨਿੰਗ ਮਾਫੀਆਂ ਦੇ ਖਿਲਾਫ ਵੱਡੇ ਐਕਸਨ ਹੋਏ ਹਨ ਅਤੇ ਮਾਈਨਿੰਗ ਮਾਫੀਆਂ ਚਾਹੇ ਉਹ ਸਿਆਸੀ ਲੋਕ ਜਾਂ ਕੋਈ ਪ੍ਰਸਾਸਨਿਕ ਅਧਿਕਾਰੀ ਸਾਮਲ ਹੋਣ ਇਸ ਤੋਂ ਇਲਾਵਾ ਪਿਛਲੇ ਦਿਨ੍ਹਾਂ ਵਿੱਚ ਮਾਈਨਿੰਗ ਦਾ ਮਗਰਮੱਛ ਦੇ ਖਿਲਾਫ ਆਪ ਸਰਕਾਰ ਨੇ ਕਾਰਵਾਈ ਕੀਤੀ ਹੈ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202





Marriage
Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769





STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
7 Days A Week
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ



ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422, ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844**
**Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013


Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976



ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਡੇ, ਮੋਢੇ, ਧੋਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049


## ਲੜਕੀ ਦੀ ਲੋੜ

Looking for suitable match for Sikh Saini Boy 41, 5`10`` Canadian born,Clean shaven, Never married, Job and Study in Marketing, Canadian PR, Student Visa, Work Visa, Visitor visa, New Immigrants , Girls in India, US ,Europe will consider. Cast no bar. Please send bio-data with picture,
E Mail: ravidhamrait123@hotmail.com , Tel.No. 1-416-781-0767

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post


## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟਰਕਟਰ
647-998-7500 ਬਲਵਿੰਦਰ

# ਰਾਮ ਬਾਗ਼ ਵਿੱਚੋਂ ਨਜਾਇਜ ਕਬਜੇ ਹਟਾਉਣ ਲਈ ਅੰਮ੍ਰਿਤਸਰ ਵਿਕਾਸ ਮੰਚ ਨੇ ਡਾ. ਕੁੰਵਰ ਵਿਜੇ ਪ੍ਰਤਾਪ ਸਿੰਘ ਦਾ ਦਖ਼ਲ ਮੰਗਿਆ

ਅੰਮ੍ਰਿਤਸਰ, 26 ਜੂਨ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਰਕਾਰੀ ਜਾਇਦਾਦਾਂ ਦੇ ਨਜਾਇਜ਼ ਕਬਜ਼ਿਆਂ ਨੂੰ ਛਡਾਉਣ ਲਈ ਸ਼ੁਰੂ ਕੀਤੀ ਗਈ ਮੁਹਿੰਮ ਕੇਵਲ ਆਮ ਲੋਕਾਂ ਤੀਕ ਸੀਮਤ ਹੈ। ਇਹ ਵੱਡੇ ਲੋਕਾਂ ਨੂੰ ਅਜੇ ਤੀਕ ਹੱਥ ਹੱਥ ਨਹੀਂ ਪਾ ਰਹੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਇ ਪ੍ਰੈਸ ਨੂੰ ਜਾਰੀ ਬਿਆਨ ਵਿਚ ਅੰਮ੍ਰਿਤਸਰ ਵਿਕਾਸ ਮੰਚ(ਰਜਿ.) ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਕਿਹਾ ਕਿ ਉਨ੍ਹਾਂ ਮਹਾਰਾਜਾ ਰਣਜੀਤ ਸਿੰਘ ਦੀ ਗਰਮੀਆਂ ਦੀ ਰਾਜਧਾਨੀ ਇਤਿਹਾਸਕ ਰਾਮ ਬਾਗ ਨੂੰ ਵੀ ਨਜਾਇਜ ਕਬਜਿਆਂ ਤੋਂ ਛੁਟਕਾਰਾ ਦਿਵਾਉਣ ਲਈ 7 ਮਈ 2022 ਨੂੰ ਇਕ ਈ ਮੇਲ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ, ਪ੍ਰਿੰਸੀਪਲ ਸਕੱਤਰ ਸਥਾਨਕ ਸਰਕਾਰ ਸ੍ਰੀ ਵਿਵੇਕ ਪ੍ਰਤਾਪ ਸਿੰਘ ਆਈ ਏ ਐਸ, ਮੇਅਰ ਸ. ਕਰਮਜੀਤ ਸਿੰਘ ਰਿੰਟੂ , ਡਿਪਟੀ ਕਮਿਸ਼ਨਰ ਸ੍ਰੀ ਹਰਪ੍ਰੀਤ ਸਿੰਘ ਸੂਦਨ ਭੇਜੀ ਸੀ ਕਿ ਭਾਰਤ ਦੇ ਰਾਸ਼ਟਰਪਤੀ ਅਤੇ ਪੰਜਾਬ ਦੇ ਗਵਰਨਰ ਦਰਮਿਆਨ 4 ਦਸੰਬਰ 2018 ਨੂੰ ਹੋਏ ਸਮਝੋਤੇ ਅਧੀਨ ਇਸ ਬਾਗ ਵਿਚੋਂ ਮਹਾਰਾਜਾ ਰਣਜੀਤ ਸਿੰਘ ਵਲੋਂ ਉਸਾਰੀਆਂ ਇਮਾਰਤਾਂ ਨੂੰ ਛੱਡ ਕਿ ਬਾਕੀ ਉਸਾਰੀਆਂ ਜਿਨ੍ਹਾਂ ਵਿਚ ਨਗਰ ਨਿਗਮ ਦਾ ਐਸ.ਡੀ. ਓ. ਦਫ਼ਤਰ, ਖਾਣ ਪੀਣ ਵਾਲਾ ਖੋਖਾ, ਲਾਅਨ ਟੈਨਿਸ ਤੇ ਸਕੇਟਿੰਗ ਰਿੰਕ ਆਦਿ ਸ਼ਾਮਲ ਹਨ ਢਾਹੁੰਣੀਆਂ ਹਨ , ਜੋ ਨਹੀਂ ਢਾਈਆਂ ਗਈਆਂ। ਬਾਗ਼ ਅੰਦਰ ਸ਼ਰਾਬ ਦੀ ਵਰਤੋਂ ਕਰਨ ਅਤੇ ਹੋਰ ਵਪਾਰਕ ਕੰਮ ਕਰਨ ਦੀ ਮਨਾਹੀ ਕੀਤੀ ਗਈ ਹੈ ਜੋ ਅਜੇ ਵੀ ਜਾਰੀ ਹੈ।

ਸਮਝੌਤੇ ਵਿਚ ਬਾਗ਼ ਅੰਦਰ ਚਾਰ ਪਹੀਆ ਗੱਡੀਆਂ ਤੇ ਭਾਰੀ ਗੱਡੀਆਂ ਦੇ ਦਾਖ਼ਲੇ ਦੀ ਮਨਾਹੀ ਕੀਤੀ ਗਈ ਹੈ, ਜਿਸ ਦੀ ਵੀ ਪਾਲਣਾ ਨਹੀਂ ਹੋ ਰਹੀ। ਜਿੱਥੋਂ ਤੀਕ ਕਲੱਬਾਂ ਦੀ ਲੀਜ਼ ਦਾ ਸਬੰਧ ਹੈ, ਇਸ ਬਾਰੇ ਕਿਹਾ ਗਿਆ ਹੈ ਕਿ ਜੇ ਕਲੱਬਾਂ ਵਾਲੇ ਨਜਾਇਜ਼ ਉਸਾਰੀਆਂ ਢਾਹ ਦੇਂਦੇ ਹਨ ਤੇ ਸ਼ਰਾਬ ਦੀ ਵਰਤੋਂ ਨਹੀਂ ਕਰਦੇ ਤਾਂ ਇਨ੍ਹਾਂ ਦੀ ਲੀਜ਼ ਵੱਧ ਤੋਂ ਵੱਧ ਪੰਜ ਸਾਲ ਵਧਾਈ ਜਾਵੇਗੀ। ਇਸ ਸਮੇਂ ਦੌਰਾਨ ਨਗਰ ਨਿਗਮ ਕਲੱਬਾਂ ਨੂੰ ਪੜਾਅਵਾਰ ਇੱਥੋਂ ਕਿਸੇ ਹੋਰ ਢੁਕਵੀਂ ਜਗਾਹ ਜਿੱਥੇ ਉਹ ਠੀਕ ਸਮਝੇ ਤਬਦੀਲ ਕਰੇਗਾ ਤੇ ਸਮੁਚੇ ਸਮਾਰਕ ਦਾ ਕਬਜਾ ਚੰਗੇ ਪ੍ਰਬੰਧ ਲਈ ਪੁਰਾਤਿਤਵ ਵਿਭਾਗ ਨੂੰ ਦੇ ਦੇਵੇਗਾ। ਇਸ ਸਬੰਧੀ ਵੀ ਕੁਝ ਨਹੀਂ ਕੀਤਾ ਗਿਆ। ਸਮਾਰਟ ਪਾਰਕ ਦੀਆਂ ਹਦਾਇਤਾਂ ਅਨੁਸਾਰ ਇੱਕ ਏਕੜ ਰਕਬੇ ਵਾਸਤੇ 2 ਮਾਲੀ ਚਾਹੀਦੇ ਹਨ। ਇਸ ਤਰ੍ਹਾਂ 88 ਏਕੜ ਦੇ ਰਾਮ ਬਾਗ ਵਾਸਤੇ 176 ਮਾਲੀ ਚਾਹੀਦੇ ਹਨ ਪ੍ਰੰਤੂ ਮੌਜੂਦਾ ਕੇਵਲ 5-6 ਮਾਲੀ ਹੀ ਕੰਮ ਕਰ ਰਹੇ ਹਨ।

ਇਸ ਸਮਝੌਤੇ ਨੂੰ ਹੋਇਆਂ ਤਕਰੀਬਨ 4 ਸਾਲ ਹੋ ਗਏ ਹਨ ਲੇਕਿਨ ਨਗਰ ਨਿਗਮ,ਅੰਮ੍ਰਿਤਸਰ ਨੇ ਬਣਦੀ ਕਾਰਵਾਈ ਨਹੀਂ ਕੀਤੀ।










FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017